# ਅੰਮ੍ਰਿਤ ਕੀਰਤਨ

ਅੰਕ 6 ਸਾਲ ਤੀਜਾ ਜੂਨ 1991




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

## ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ ਭੇਜਣ ਵਾਲੇ ਸੁਹਿਰਦ ਅਤੇ ਸੂਝਵਾਨ ਸੱਜਣ

| | | |
|---|---|---|
| — | ਸ੍ਰੀਮਤੀ ਹਰਬੰਸ ਕੌਰ 516/33-ਬੀ ਚੰਡੀਗੜ੍ਹ | 100/- |
| — | ਸ੍ਰੀਮਤੀ ਹਰਜਿੰਦਰ ਕੌਰ 277/11-ਏ ਚੰਡੀਗੜ੍ਹ | 100/- |
| — | ਸ੍ਰ. ਰਾਜਿੰਦਰਪਾਲ ਸਿੰਘ 2643 ਜਨਤਾ ਨਗਰ ਲੁਧਿਆਣਾ | 50/- |
| — | ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ | 50/- |
| — | ਸ੍ਰ. ਗੁਰਮੁਖ ਸਿੰਘ 1152/34 ਚੰਡੀਗੜ੍ਹ | 50/- |
| — | ਸ੍ਰੀਮਤੀ ਗੁਰਚਰਨ ਕੌਰ 289 ਫੇਜ਼ 4 ਮੁਹਾਲੀ | 50/- |
| — | ਡਾ. ਜਤਿੰਦਰ ਸਿੰਘ 141/16-ਏ ਚੰਡੀਗੜ੍ਹ | 50/- |
| — | ਐਚ. ਐਸ. ਕਪੂਰ 92 ਫੇਜ਼ 4 ਮੁਹਾਲੀ | 100/- |
| — | ਸ੍ਰ. ਸੁਰਿੰਦਰ ਸਿੰਘ ਮਾਇਆ ਪੈਲੇਸ ਸੈਕਟਰ 35 ਚੰਡੀਗੜ੍ਹ | 50/- |
| — | ਸ੍ਰ. ਮਨਮੋਹਨ ਸਿੰਘ ਭਾਰਤ ਮੈਟਲ ਵਰਕਸ ਟਾਂਡਾ ਰੋਡ ਜਲੰਧਰ | 101/- |
| — | ਭਾਈ ਮਨਜਿੰਦਰ ਸਿੰਘ H-471 HMT ਕਾਲੋਨੀ ਪਿੰਜੌਰ | 50/- |
| — | ਸ੍ਰ. ਅਮਰੀਕ ਸਿੰਘ C/o ਸ਼ਾਮ ਜਨਰਲ ਸਟੋਰ ਮਲਹਤਰਾ ਸਟ੍ਰੀਟ ਜੰਮੂ | 50/- |
| — | ਸ੍ਰ. ਹਰਪ੍ਰੀਤ ਸਿੰਘ ਸੀ-509 ਸਰੋਜਨੀ ਨਗਰ ਨਵੀਂ ਦਿੱਲੀ | 50/- |
| — | ਸ੍ਰ. ਜੁਗਿੰਦਰ ਸਿੰਘ ਨਾਗੀ ਧਰਮਪੁਰਾ ਬਾਜ਼ਾਰ ਪਟਿਆਲਾ | 100/- |
| — | ਸ੍ਰ. ਅਵਤਾਰ ਸਿੰਘ ਜੀ.ਐਨ. 15/56/21 ਚਿੜੀਆ ਟੋਲਾ ਲਾਈਨਪਾਰ ਮੁਰਾਦਾਬਾਦ | 50/- |
| — | ਗਿ: ਅਵਤਾਰ ਸਿੰਘ ਅਮਰ, ਗੁ. ਸਿੰਘ ਸਭਾ ਸ੍ਰੀ ਕਰਨਪੁਰ ਜਿਲ੍ਹਾ ਸ੍ਰੀ ਗੰਗਾ ਨਗਰ | 50/- |
| — | ਸ੍ਰੀਮਤੀ ਇੰਦਰਜੀਤ ਕੌਰ 18/62 ਡੇਵਰਲੇਨ ਕਲਕੱਤਾ | 50/- |
| — | ਪ੍ਰੋ. ਨਵਜੋਤ ਕੌਰ ਕਸੇਲ ਪੰਜਾਬੀ ਯੂਨੀਵਰਸਿਟੀ ਪਟਿਆਲਾ | 50-/ |
| — | ਸ੍ਰ. ਬਲਜੀਤ ਸਿੰਘ SCO 1049/22-ਬੀ ਚੰਡੀਗੜ੍ਹ | 50/- |
| — | ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਡੇਰਾ ਬਾਬਾ ਨਾਨਕ ਗੁਰਦਾਸਪੁਰ | 100/- |
| — | ਸ੍ਰ. ਸੇਵਾ ਸਿੰਘ ਜੱਸ ਲੀਸਰਵਰਟੀ ਗਾਰਡਨ ਡਾ. ਬਗਰਾ ਕੋਟ (ਬੰਗਾਲ) | 50/- |
| — | ਸ੍ਰੀਮਤੀ ਤਜਿੰਦਰ ਕੌਰ ਸੂਰਾਜਗੰਜ ਜਲੰਧਰ | 50/- |
| — | ਭਾਈ ਅਮਰੀਕ ਸਿੰਘ ਜ਼ਖਮੀ 12, ਗੁਰੂ ਤੇਗ ਬਹਾਦਰ ਨਗਰ ਜਲੰਧਰ | 100/- |
| — | ਪ੍ਰਿੰਸੀਪਲ ਗੁਰਮਤ ਕਾਲਜ ਪਟਿਆਲਾ | 50/- |
| — | ਸ੍ਰ. ਗੁਰਮੀਤ ਸਿੰਘ ਸਪੁੱਤਰ ਸ੍ਰ. ਜਾਗੀਰ ਸਿੰਘ ਬਸਤੀ ਜੋਧੇਵਾਲ ਲੁਧਿਆਣਾ | 50/- |
| — | ਜੀ. ਐਸ. ਚਾਵਲਾ 20/67 ਲੋਧੀ ਕਾਲੋਨੀ ਨਵੀਂ ਦਿੱਲੀ | 50/- |

ਡਾ. ਜਾਗੀਰ ਸਿੰਘ, ਪ੍ਰਿੰਟਰ ਤੇ ਪਬਲਿਸ਼ਰ ਨੇ ਸਾਹਿਬਜ਼ਾਦਾ ਪ੍ਰਿੰਟਰਜ਼ 254, ਫੇਜ਼-2, ਮੋਹਾਲੀ ਤੋਂ ਛਪਵਾ ਕੇ ਪ੍ਰਧਾਨ ਅੰਮ੍ਰਿਤ ਕੀਰਤਨ ਟ੍ਰਸਟ (ਰਜਿ.) ਲਈ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਅੰਮ੍ਰਿਤ ਕੀਰਤਨ

ਅੰਕ 6 ਸਾਲ ਤੀਜਾ ਜੂਨ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁ-ਸਾਰ ਰਾਜ ਦੇ ਸੀਨੀਅਰ ਸੈਕੰਡਰ ਸਕੂਲਾਂ ਦੀਆਂ ਲਾਇਬ੍ਰੇਰੀਆ ਲਈ ਪ੍ਰਵਾਨਿਤ ਹੈ।

**ਵਿਸ਼ਾ** **ਪੰਨਾ**

1. ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ
—ਡਾ. ਜਾਗੀਰ ਸਿੰਘ 4

2. ਆਸਾ ਦੀ ਵਾਰ : ਪਉੜੀਵਾਰ ਵੀਚਾਰ
— ਪ੍ਰੇਮ ਸਿੰਘ ਪ੍ਰੇਮ 8

3. ਗੁਰਬਾਣੀ ਸੰਗੀਤ ਸੰਕੇਤਾਂ ਅਤੇ ਸਿਰਲੇਖਾਂ ਦਾ ਗੁਰਮਤਿ ਸੰਗੀਤ ਵਿੱਚ ਮਹੱਤਵ
— ਡਾ. ਜਸਬੀਰ ਸਿੰਘ ਸਾਬਰ 11

4. "ਕਿਵ ਕੂੜੈ ਤੁਟੈ ਪਾਲਿ"
— ਪ੍ਰੋ. ਸਾਹਿਬ ਸਿੰਘ 19

5. ਕੀਰਤਨੀਏ ਕਿ ਕਥਾਕਾਰ
— ਜੀ.ਐਸ. ਰੰਧਾਵਾ 24

6. ਤਬਲਾ ਉਸਤਾਦ : ਭਾਈ ਮਹਿੰਗਾ ਸਿੰਘ ਜੀ
—ਇੰਦਰਜੀਤ ਸਿੰਘ ਗੋਗੋਆਣੀ 26

7, Singh Bandhu ; Messiah of Classical Music
— Manraj Grewal 28

8. ਸ਼ਬਦ ਸੁਰ ਲਿਪੀ : ਰਾਗ ਧਨਾਸਰੀ
— ਹਰਿਭਜਨ ਸਿੰਘ 32

9. ਜ਼ਰੂਰੀ ਮਤੇ —34

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

(ਅ) ਰਾਗ ਪਰੰਪਰਾ

ਸਨਾਤਨੀ ਰਾਗ ਪਰੰਪਰਾ :—ਰਾਗ ਭਗਤੀ ਸੰਗੀਤ ਦੀ ਨੀਂਹ ਹੈ। ਅਚਾਰੀਆਂ ਨੇ ਸੰਗੀਤ ਦੀ ਪਰਿਭਾਸ਼ਾ ਕਰਦਿਆਂ ਗਾਇਨ, ਵਾਦਨ ਅਤੇ ਨਰਿਤ ਤਿੰਨਾਂ ਨੂੰ ਸੰਗੀਤ ਕਿਹਾ ਹੈ। ਇਨ੍ਹਾਂ ਤਿੰਨਾਂ ਵਿਚ ਗਾਇਨ ਪ੍ਰਮੁੱਖ ਹੈ। ਗਾਇਨ ਦਾ ਅਨੁਕਰਣ ਵਾਦਨ ਅਤੇ ਵਾਦਨ ਦਾ ਅਨੁਕਰਣ ਨਰਿਤ ਕਰਦਾ ਹੈ।[1] ਇਸ ਲਈ ਗਾਇਨ ਸਭ ਤੋਂ ਵੱਧ ਮਹੱਤਵ ਪੂਰਨ ਹੈ। ਗਾਇਨ ਵਿਚ ਸੁਰਾਂ ਅਤੇ ਵਰਣਾਂ ਨਾਲ ਸਜੀ ਹੋਈ ਧੁਨੀ ਨੂੰ ਰਾਗ ਕਿਹਾ ਜਾਂਦਾ ਹੈ। ਸੰਗੀਤ ਪਾਰਿਜਾਤ ਵਿਚ ਸੁਰਾਂ ਦੇ ਇਕ ਮਨੋਰੰਜਕ ਸਮੂਹ ਨੂੰ ਰਾਗ ਕਿਹਾ ਗਿਆ ਹੈ।[2]

ਪੂਰਬ ਗੁਰੂ ਕਾਲ ਦੀ ਰਾਗ ਪਰੰਪਰਾ :—ਰਾਗ ਦੀ ਉਤਪਤੀ ਕਦੋਂ ਹੋਈ ? ਇਸ ਸੰਬੰਧੀ ਸੰਗੀਤ ਅਚਾਰੀਆਂ ਨੇ ਸਪੱਸ਼ਟ ਕੁਝ ਨਹੀਂ ਲਿਖਿਆ। ਸੰਗੀਤ ਗ੍ਰੰਥਾਂ ਦੀ ਮਨੌਤ ਅਨੁਸਾਰ ਰਾਗ ਦੀ ਸਿਰਜਣਾ ਸ਼ੰਕਰ ਭਗਵਾਨ ਨੇ ਕੀਤੀ। ਸੰਗੀਤ ਦਰਪਣ ਵਿਚ ਲਿਖਿਆ ਹੈ, 'ਸ਼ਿਵ ਅਤੇ ਸ਼ਕਤੀ' ਇਹਨਾਂ ਦੋਹਾਂ ਦੇ ਮੇਲ ਨਾਲ ਰਾਗ ਉਤਪੰਨ ਹੋਏ। ਸ਼ੰਕਰ ਭਗਵਾਨ ਦੇ ਪੰਜ ਮੂੰਹਾਂ ਤੋਂ ਪੰਜ ਰਾਗ ਅਤੇ ਛੇਵਾਂ ਰਾਗ ਪਾਰਬਤੀ ਦੇ ਮੂੰਹ ਤੋਂ ਨਿਕਲਿਆ ਸੀ।[3] ਭਾਰਤੀ ਸੰਗੀਤ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਰਾਗ ਦੀ ਉਤਪਤੀ ਕੋਈ ਥੋੜ੍ਹੇ ਸਮੇਂ ਦੀ ਦੇਣ ਨਹੀਂ ਸਗੋਂ ਇਸ ਵਿਚ ਲੰਮੇ ਸਮੇਂ ਦੀ ਪ੍ਰਕਿਰਿਆ ਦਾ ਯੋਗਦਾਨ ਹੈ।

ਭਾਰਤ ਵਿਚ ਸੰਗੀਤ ਵੇਦਾਂ ਤੋਂ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਵੇਲੇ ਵੀ ਮੌਜੂਦ ਸੀ।[4] ਵੇਦਾਂ ਦੇ ਮੰਤਰ ਜਿਹਨਾਂ ਸੁਰਾਂ ਵਿਚ ਗਾਏ ਜਾਂਦੇ ਸਨ, ਉਹਨਾਂ ਨੂੰ ਉਦਾਤ, ਅਨੁਦਾਤ ਅਤੇ ਸਵਰਿਤ ਕਿਹਾ ਜਾਂਦਾ ਸੀ। ਪਰ ਇਥੇ ਰਾਗ ਸੰਬੰਧੀ ਕੋਈ ਵਿਵਰਣ ਨਹੀਂ ਮਿਲਦਾ।[5] ਭਾਰਤੀ ਸੰਗੀਤ ਸੰਬੰਧੀ ਪਹਿਲਾ ਪ੍ਰਮਾਣੀਕ ਪ੍ਰਾਪਤ ਗ੍ਰੰਥ ਭਰਤ ਦਾ ਨਾਟ ਸ਼ਾਸਤਰ ਹੈ। ਇਸ ਗ੍ਰੰਥ ਵਿਚ ਪ੍ਰਾਚੀਨ ਭਾਰਤੀ ਨਾਟਕ ਦੇ ਵਿਸਥਾਰ ਸਹਿਤ ਵਿਵੇਚਨ ਦੇ ਨਾਲ ਨਾਲ ਸੰਗੀਤ ਦਾ ਵੀ ਉਲੇਖ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਗਾਇਨ ਸੰਬੰਧੀ ਸ਼ਰੁਤੀ ਸ਼ੜਜ ਗਰਾਮ, ਮਧਮ ਗਰਾਮ ਅਤੇ ਅਠਾਰਾਂ (18) ਜਾਤੀਆਂ ਆਦਿ ਦਾ ਵਰਨਣ ਤਾਂ ਕੀਤਾ ਗਿਆ ਹੈ ਪਰ ਰਾਗ ਦਾ ਸਪੱਸ਼ਟ ਉਲੇਖ ਇਥੇ ਵੀ ਨਹੀਂ ਮਿਲਦਾ। ਇਸ ਤੋਂ ਕਈ ਵਿਦਵਾਨ ਇਹ ਨਤੀਜਾ ਕੱਢ ਲੈਂਦੇ ਹਨ ਕਿ ਇਸ ਵੇਲੇ ਰਾਗ ਗਾਇਨ ਦਾ ਪ੍ਰਚਾਰ ਨਹੀਂ ਸੀ ਹੋਇਆ।[6] ਪਰ ਕਈ ਵਿਦਵਾਨ ਇਸ ਮਤ ਨਾਲ ਸਹਿਮਤ ਨਹੀਂ। ਅਚਾਰੀਆਂ ਬ੍ਰਹਿਸਪਤੀ ਨੇ ਨਾਟ ਸ਼ਾਸਤਰ ਵਿਚੋਂ ਕੁਝ ਉਦਾਹਰਣਾ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਵੇਲੇ ਰਾਗ ਗਾਇਨ ਪ੍ਰਚਲਤ ਸੀ।[7]

ਰਾਗ ਸ਼ਬਦ ਦਾ ਪਹਿਲੀ ਵਾਰ ਸਪੱਸ਼ਟ ਪ੍ਰਯੋਗ ਮਤੰਗ ਰਚਿਤ 'ਬ੍ਰਿਹਦੇਸ਼ੀ' ਗ੍ਰੰਥ ਵਿਚ ਹੋਇਆ ਹੈ। ਇਸ ਨੇ ਜਿਹੜੇ ਰਾਗਾਂ ਦਾ ਉਲੇਖ ਕੀਤਾ ਹੈ, ਉਹਨਾਂ ਵਿਚੋਂ ਕੁਝ ਰਾਗਾਂ ਦੇ ਨਾਂ ਇਸ ਪ੍ਰਕਾਰ ਹਨ: ਸ਼ੁੱਧ ਸ਼ਾਡਵ, ਸ਼ੁੱਧ ਸਾਧਾਰਿਤ, ਸ਼ੁੱਧ ਕੌਸ਼ਿਕ ਮਾਧਿਅਮ, ਸ਼ੁੱਧ ਕੌਸ਼ਿਕ ਭਿੰਨ ਸ਼ੜਜ, ਭਿੰਨ ਪੰਚਮ, ਭਿੰਨ ਕੌਸ਼ਿਕ ਮਾਧਿਅਮ, ਤਿੰਨਤਾਨ, ਗੌਡਪੰਚਮ ਗੌਡ ਕੌਸ਼ਿਕ, ਗੌਡ ਮਾਧਿਅਮ, ਟੱਕ ਸੌਵੀਰਕ, ਮਾਲਵ ਪੰਚਮ, ਬੇਭਰ ਸ਼ਾਡਵ ਵੋਟ, ਭਿੰਦੋਲਕ, ਟੱਕ ਕੇਸ਼ਿਕ, ਮਾਲਵ ਕੇਸ਼ਿਕ, ਨਰਤ, ਸ਼ਕ, ਕੁਕੁਭ ਮੰਮਾਣ ਪੰਚਮ, ਰੂਪ ਸਾਧਾਰਤ, ਗਾਂਧਾਰ ਪੰਚਮ, ਪੰਚਮ ਸ਼ਾਡਵ, ਰੇਵ ਗੁਪਤ, ਟੱਕ ਸੈਂਧਵ।[8]

ਇਸ ਤੋਂ ਬਾਅਦ ਸੰਗੀਤ ਮਕਰੰਦ ਗ੍ਰੰਥ ਦੀ ਰਚਨਾ ਹੋਈ। ਨਾਰਦ ਰਚਿਤ ਇਸ ਗ੍ਰੰਥ ਵਿਚ 93 ਪ੍ਰਚਲਿਤ ਰਾਗਾਂ ਨੂੰ ਚਾਰ ਢੰਗਾਂ ਨਾਲ ਵੰਡਿਆ ਹੈ।

ੳ) ਲਿੰਗ ਅਨੁਸਾਰ: ਪੁਰਖ ਰਾਗ, ਇਸਤਰੀ ਰਾਗ, ਨਿਪੁੰਸਕ ਰਾਗ।

ਅ) ਕੰਪਨ ਅਨੁਸਾਰ:—ਪੂਰਨ ਕੰਪਨ ਵਾਲੇ ਰਾਗ ਨੂੰ 'ਮੁਕਤਾਂਗ' ਕੰਪਿਤ, ਘੱਟ ਕੰਪਨ ਵਾਲੇ ਰਾਗ ਨੂੰ ਅਰਧ-ਕੰਪਿਤ ਅਤੇ ਜਿਹਨਾਂ ਰਾਗਾਂ ਵਿਚ ਕੰਪਨ ਦਾ ਅਭਾਵ ਦਿਸਿਆ ਉਹਨਾਂ ਨੂੰ ਕੰਪ-ਵਿਹੀਨ ਨਾਮ ਦਿੱਤਾ ਗਿਆ।

ੲ) ਜਾਤੀ ਅਨੁਸਾਰ: ਕੁਝ ਰਾਗਾਂ ਦੀ ਵੰਡ ਜਾਤੀਆਂ ਦੇ ਅਧਾਰ ਤੇ ਕੀਤੀ ਗਈ, ਜਿਵੇਂ ਸੰਪੂਰਣ, ਸ਼ਾਡਵ ਤੇ ਔਡਵ।

ਸ) ਚੌਥੀ ਪ੍ਰਣਾਲੀ:—ਇਸ ਵਿਚ ਰਾਗਾਂ ਦੀ ਸਮੇਂ ਅਨੁਸਾਰ ਵੰਡ ਕੀਤੀ ਗਈ ਹੈ।[9]

ਇਸ ਗ੍ਰੰਥ ਤੋਂ ਬਾਅਦ ਬਾਰ੍ਹਵੀਂ ਸਦੀ ਵਿਚ ਇਕ ਮਹੱਤਵ-ਪੂਰਨ ਗ੍ਰੰਥ 'ਸੰਗੀਤ ਰਤਨਾਕਰ' ਰਚਿਆ ਗਿਆ। ਸਾਰੰਗ ਦੇਵ ਦਾ ਇਹ ਗ੍ਰੰਥ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਇਕ ਮਹੱਤਵ-ਪੂਰਨ ਕੜੀ ਹੈ। ਇਸ ਵਿਚ ਪੂਰਵ ਪ੍ਰਸਿੱਧ ਰਾਗਾਂ ਦਾ ਅਤੇ ਤਤਕਾ-ਲੀਨ ਪ੍ਰਚਲਤ ਰਾਗਾਂ ਦਾ ਵਰਨਣ ਕੀਤਾ ਗਿਆ ਹੈ।

ਸਾਰੰਗ ਦੇਵ ਤੋਂ ਬਾਅਦ 14ਵੀਂ ਸਦੀ ਵਿਚ ਭਾਰਤੀ ਸੰਗੀਤ ਵਿਚ ਇਕ ਮਹਾਨ ਪਰਿਵਰਤਨ ਆਇਆ। ਮੁਸਲਮਾਨਾਂ ਦੇ ਭਾਰਤ ਵਿਚ ਆਉਣ ਨਾਲ ਮੁਸਲਮਾਨੀ ਸਭਿਆ-ਚਾਰ ਦਾ ਜਿੱਥੇ ਭਾਰਤੀ ਸੱਭਿਆਚਾਰ ਦੇ ਹੋਰ ਪੱਖਾਂ ਤੇ ਅਸਰ ਪਿਆ ਉਥੇ ਸੰਗੀਤ ਉਤੇ ਵੀ ਇਸ ਦਾ ਡੂੰਘਾ ਪ੍ਰਭਾਵ ਪੈਣਾ ਕੁਦਰਤੀ ਸੀ। ਉਸ ਵੇਲੇ ਦੇ ਵਿਦਵਾਨ ਅਮੀਰ ਖੁਸਰੋ ਨੇ ਭਾਰਤੀ ਸੰਗੀਤ ਨੂੰ ਕਈ ਨਵੇਂ ਰਾਗ, ਨਵੇਂ ਸਾਜ਼ ਅਤੇ ਨਵੀਆਂ ਗਾਇਨ ਸ਼ੈਲੀਆਂ ਪ੍ਰਦਾਨ ਕੀਤੀਆਂ।[10] ਇਸ ਤੋਂ ਉਪਰੰਤ ਗੁਰੂ ਕਾਲ ਆਰੰਭ ਹੋ ਜਾਂਦਾ ਹੈ, ਉਸ ਦਾ ਅਧਿਐਨ ਅੱਗੇ ਕਰਾਂਗੇ।

ਲੋਕ-ਰਾਗ:—ਸ਼ਾਸਤਰੀ ਸੰਗੀਤ ਵਿਚ ਰਾਗ ਨੂੰ ਪਹਿਲ ਦਿੱਤੀ ਜਾਂਦੀ ਹੈ। ਪਰ ਲੋਕ ਸੰਗੀਤ ਵਿਚ ਕਾਵਿ ਦੀ ਪ੍ਰਧਾਨਤਾ ਹੈ। ਸ਼ਾਸਤਰੀ ਸੰਗੀਤ ਵਿਚ ਪਹਿਲਾਂ ਰਾਗ ਦੀ ਚੋਣ, ਫਿਰ ਉਸ ਅਨੁਸਾਰ ਕਿਸੇ ਕਾਵਿ-ਬੰਦ ਨੂੰ ਗਾ ਕੇ ਰਾਗ ਦਾ ਸਰੂਪ ਦਰਸਾਇਆ ਜਾਂਦਾ ਹੈ। ਪਰ ਲੋਕ ਸੰਗੀਤ ਵਿਚ ਕਾਵਿ ਦੇ ਅਨੁਸਾਰੀ ਰਾਗ ਨੂੰ ਸਹਾਇਕ ਦੇ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਕਈ ਵਾਰ ਲੋਕ-ਗੀਤ ਆਪਣੇ ਆਪ ਹੀ ਰਾਗ ਵਰਗੀ ਕੋਈ ਧੁਨ

ਸਿਰਜ ਲੈਂਦਾ ਹੈ। ਬਹੁਤੇ ਰਾਗ ਇਹਨਾਂ ਲੋਕ-ਗੀਤਾਂ ਅਨੁਸਾਰ ਆਪਣੇ ਆਪ ਉਪਜੀਆਂ ਧੁਨਾਂ ਦੇ ਰਾਗਾਂ ਨੂੰ ਸ਼ਾਸਤਰ ਬੱਧ ਕਰ ਲਿਆ ਜਾਂਦਾ ਹੈ ਤਾਂ ਇਹਨਾਂ ਨੂੰ ਹੀ ਸ਼ਾਸਤਰੀ ਰਾਗ ਕਿਹਾ ਜਾਂਦਾ ਹੈ।

ਪੁਰਾਤਨ ਕਾਲ ਵਿਚ ਵੀ ਦੋ ਤਰ੍ਹਾਂ ਦੀਆਂ ਸੰਗੀਤ ਪਧਤੀਆਂ ਪ੍ਰਚਲਤ ਸਨ। ਪਹਿਲੀ ਸੰਗੀਤ ਪਧਤੀ ਨੂੰ ਗੰਧਰਬ ਅਤੇ ਦੂਜੀ ਨੂੰ 'ਗਾਨ' ਕਿਹਾ ਜਾਂਦਾ ਸੀ। ਗੰਧਰਬ ਪਧਤੀ ਦੇ ਅੰਤਰਗਤ 'ਮਾਰਗੀ ਸੰਗੀਤ' ਅਤੇ 'ਗਾਨ' ਪਧਤੀ ਦੇ ਅੰਤਰਗਤ ਦੇਸੀ ਸੰਗੀਤ ਪ੍ਰਚਲਤ ਸੀ।

ਗੰਧਰਬ ਅਰਥਾਤ ਮਾਰਗੀ ਸੰਗੀਤ ਪਧਤੀ ਉਪਰ ਕਠੋਰ ਨਿਯਮਾ ਦਾ ਯਿਤਰਣ ਸੀ। ਇਸ ਵਿਚ ਪਰੰਪਰਾਗਤ ਚਲੇ ਆ ਰਹੇ ਕਠੋਰ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਸੀ। ਸੰਗੀਤ ਪਾਰਿਜਾਤ ਵਿਚ ਦੱਸਿਆ ਹੈ ਕਿ ਮਾਰਗੀ ਸੰਗੀਤ ਸ਼ੁੱਧ ਰੂਪ ਵਿਚ ਬ੍ਰਹਮਾ ਜੀ ਨੇ ਭਰਤ ਨੂੰ ਸਿਖਾਇਆ ਅਤੇ ਭਰਤ ਨੇ ਅਪਸਰਾਵਾਂ ਅਤੇ ਗੰਧਰਬਾਂ ਨੂੰ ਇਸ ਦੀ ਸਿੱਖਿਆ ਦਿੱਤੀ।[11]

ਦੂਸਰੇ ਪਾਸੇ ਜਨ ਸਾਧਾਰਨ ਸ਼ਾਸਤਰ ਦੇ ਬੰਧਨਾਂ ਤੋਂ ਮੁਕਤ ਪ੍ਰਦੇਸ਼ਕ ਲੋਕ-ਗੀਤਾਂ ਅਤੇ ਲੋਕ ਧੁਨਾਂ ਵਿਚ ਆਪਣਾ ਮਨੋਰੰਜਨ ਕਰਦਾ ਸੀ। ਇਹਨਾਂ ਲੋਕ-ਧੁਨਾਂ ਦੇ ਆਧਾਰ ਤੇ ਹੀ ਕੁਝ ਰਾਗਾਂ ਦੀ ਸਿਰਜਣਾ ਹੋਈ; ਜਿਵੇਂ ਭੂਪਾਲੀ, ਜੌਨਪੁਰੀ, ਮੁਲਤਾਨੀ, ਅਹੀਰ, ਪਹਾੜੀ, ਮਾਂਡ, ਆਸਾ, ਗਉੜੀ, ਮਾਝ, ਸਿੰਧੜਾ, ਕਾਨੜਾ, ਤਿਲੰਗ, ਬੈਰਾੜੀ, ਟੋਡੀ, ਗੌਂਡ ਆਦਿ। ਉਪਰੋਕਤ ਰਾਗ ਆਪਣੇ ਨਾਮ ਅਨੁਸਾਰ ਆਪਣੇ ਆਪਣੇ ਸਥਾਨ ਦੇ ਲੋਕ-ਸੰਗੀਤ ਦੀ ਪ੍ਰਤੀਨਿਧਤਾ ਕਰਦੇ ਹਨ।

ਪੰਡਤ ਓਅੰਕਾਰ ਨਾਥ ਠਾਕੁਰ ਦਾ ਕਥਨ ਹੈ, "ਮੇਰੀ ਧਾਰਨਾ ਹੈ ਕਿ ਅੱਜ ਵੀ ਜੇ ਖੋਜ ਕੀਤੀ ਜਾਵੇ ਤਾਂ ਪ੍ਰਚਲਤ ਗਾਏ ਜਾਣ ਵਾਲੇ ਰਾਗਾਂ ਦਾ ਉਤਪਾਦਕ ਲੋਕ ਸੰਗੀਤ ਹੀ ਸਿੱਧ ਹੋਵੇਗਾ।[12]

ਲੋਕ ਰਾਗ ਪਧਤੀ ਅਤੇ ਸ਼ਾਸਤਰੀ ਰਾਗ ਪਧਤੀ ਦਾ ਸੁਮੇਲ ਧਾਰਮਿਕ ਕਾਵਿ ਵਿਚ ਹੋਇਆ ਹੈ। ਧਾਰਮਕ ਕਾਵਿ ਨੂੰ ਲੋਕ ਸ਼ਾਸਤਰੀ ਦੋਹਾਂ ਤਰ੍ਹਾਂ ਦੇ ਰਾਗਾਂ ਅਨੁਸਾਰ ਗਾਇਆ ਜਾਂਦਾ ਰਿਹਾ ਹੈ।

ਰਾਗਾਂ ਦੇ ਅਧਾਰਿਤ ਰਾਗ ਪਰੰਪਰਾ :—ਪਦਿਆਂ ਨੂੰ ਰਾਗਾਂ ਦੇ ਆਧਾਰ ਤੇ ਗਾਉਣ ਦੀ ਪਰੰਪਰਾ ਬੋਧੀ ਸਿਧਾਂ ਨੇ ਜਿਹੜੇ ਰਾਗਾਂ ਦਾ ਪ੍ਰਯੋਗ ਕੀਤਾ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

1. ਗੌੜ 2. ਮਾਰੂ 3. ਗੁਜਰੀ 4. ਪਟਮੰਜਰੀ 5. ਦੇਵਕਾਰੀ 6. ਦੇਸਾਖ 7. ਭੈਰਵੀ 8. ਕਾਮੋਦ 9. ਧਨਾਸਰੀ 10. ਰਾਮਕਲੀ 11. ਵਰਾਟੀ 12. ਸਿਵਾਰ (ਆਸਾਵਰੀ) 13. ਵਰਾਟੀ 14. ਮਲਾਦੀ 15. ਮਾਲਸ੍ਰੀ 16. ਮਾਲਸੀ ਗੌਂਡ 17. ਬੰਗਾਲਾ 18. ਰਾਗਿਨੀ ਵੇਦ[13]

ਇਹਨਾਂ ਵਿੱਚੋਂ ਜੈ ਦੇਵ ਨੇ ਆਪਣੇ ਗ੍ਰੰਥ 'ਗੀਤ ਗੋਬਿੰਦ' ਵਿਚ ਹੇਠ ਲਿਖੇ ਰਾਗਾਂ ਦਾ ਪ੍ਰਯੋਗ ਕੀਤਾ ਹੈ।

ਭੈਰਵੀ, ਗੁਜਰੀ, ਦੇਸਾਖ, ਰਾਮਕਲੀ, ਵਰਾੜੀ ਸਿੱਧਾਂ ਦੇ ਰਾਗਾਂ ਵਿਚ ਗੌੜ ਅਤੇ ਮਾਲਸੀ ਗੌਡ ਰਾਗਾਂ ਦਾ ਪ੍ਰਯੋਗ ਹੋਇਆ ਅਤੇ ਜੈ ਦੇਵ ਦੇ ਗ੍ਰੰਥ ਵਿਚ ਮਾਲਵ ਗੌੜ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਬਿਨ੍ਹਾਂ 'ਗੀਤ ਗੋਵਿੰਦ' ਵਿਚ ਜਿਹੜੇ ਰਾਗ ਪ੍ਰਯੋਗ ਹੋਏ ਹਨ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ :—

ਬਸੰਤ, ਕਰਣਾਟ, ਦੇਸੀ, ਬਰਾੜੀ, ਗੁਣਕਲੀ, ਮਾਲਵ, ਵਿਭਾਸ।

ਜੈ ਦੇਵ ਜੀ ਤੋਂ ਉਪਰੰਤ ਇਤਿਹਾਸਕ ਤੌਰ ਤੇ ਸ਼ੇਖ ਫਰੀਦ ਜੀ ਦੀ ਰਚਨਾ ਆਉਂਦੀ ਹੈ, ਜਿਹੜੀ ਸੂਹੀ ਅਤੇ ਆਸਾ ਰਾਗਾਂ ਵਿਚ ਦਰਜ ਹੋਈ ਹੈ। ਫਰੀਦ ਜੀ ਭਾਵੇਂ ਮੁਸਲਮਾਨ ਸੂਫ਼ੀ ਕਵੀ ਸਨ ਪਰ ਉਹਨਾਂ ਦੀ ਰਚਨਾ ਦਾ ਪਦ-ਰੂਪ ਅਤੇ ਰਾਗਾਂ ਤੇ ਨਿਰਧਾਰਤ ਹੋਣਾ ਇਹ ਦਰਸਾਉਂਦਾ ਹੈ ਕਿ ਉਸ ਵੇਲੇ ਪਦਿਆਂ ਨੂੰ ਰਾਗਾਂ ਵਿਚ ਗਾਉਣ ਦਾ ਰਿਵਾਜ ਇੰਨਾ ਪ੍ਰਚਲਤ ਸੀ ਕਿ ਸੂਫ਼ੀ ਕਵੀ ਵੀ ਇਸ ਦੇ ਪ੍ਰਭਾਵ ਤੋਂ ਅਛੂਤੇ ਨਹੀਂ ਰਹਿ ਸਕੇ।

ਫਰੀਦ ਜੀ ਤੋਂ ਬਾਅਦ ਭਗਤ ਨਾਮਦੇਵ ਦਾ ਰਚਨਾ ਕਾਲ ਹੈ। ਭਗਤ ਨਾਮਦੇਵ ਦੀ ਜਿਹੜੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਅਠਾਰਾਂ ਰਾਗਾਂ ਤੇ ਨਿਰਧਾ-ਰਤ ਹੈ।

ਗਾਉੜੀ, ਆਸਾ, ਗੁਜਰੀ, ਸੋਰਠ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਗੌਂਡ, ਰਾਮਕਲੀ, ਮਾਲੀ ਗੌੜਾ, ਮਾਰੂ ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਤੇ ਪ੍ਰਭਾਤੀ।

ਇਸੇ ਕਾਲ ਦੇ ਭਗਤ ਤ੍ਰਿਲੋਚਨ ਨੇ ਤਿੰਨ ਰਾਗਾਂ ਵਿਚ ਕਾਵਿ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਚਨਾ ਸਿਰੀ, ਗੁਜਰੀ ਅਤੇ ਧਨਾਸਰੀ ਰਾਗਾਂ ਅਧੀਨ ਦਰਜ ਕੀਤੀ ਗਈ ਹੈ।

ਤੇਰ੍ਹਵੀਂ ਸਦੀ ਵਿਚ ਹੋਏ ਭਗਤ ਸਧਨਾ ਦਾ ਇਕ ਪਦਾ ਰਾਗ ਬਿਲਾਵਲ ਵਿਚ ਦਰਜ ਹੈ। ਭਗਤ ਬੇਣੀ ਨੇ ਆਪਣੀ ਰਚਨਾ ਲਈ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗਾਂ ਨੂੰ ਪ੍ਰਯੋਗ ਕੀਤਾ ਹੈ। ਰਾਮਾਨੰਦ ਜੀ ਦਾ ਇਕ ਪਦਾ ਰਾਗ ਬਸੰਤ ਵਿਚ ਦਰਜ ਹੈ।

ਇਸ ਤਰ੍ਹਾਂ ਗੁਰੂ ਕਾਲ ਤੋਂ ਪਹਿਲਾਂ ਪਦਿਆਂ ਨੂੰ ਰਾਗਾਂ ਵਿਚ ਗਾਉਣ ਦੀ ਪਰੰਪਰਾ ਪ੍ਰਚਲਤ ਸੀ। ਹੁਣ ਤੱਕ ਜਿਹੜੇ ਰਾਗਾਂ ਦਾ ਉਲੇਖ ਹੋਇਆ ਹੈ, ਲੱਗਭਗ ਉਹਨਾਂ ਹੀ ਸਾਰੇ ਰਾਗਾਂ ਦਾ ਪ੍ਰਯੋਗ ਸਮਕਾਲੀਨ ਭਗਤ ਕਵੀਆਂ ਨੇ ਕੀਤਾ ਹੈ।

ਕਬੀਰ ਜੀ ਨੇ ਸਿਰੀ, ਗਾਉੜੀ, ਆਸਾ, ਗੁਜਰੀ, ਬਿਹਾਗੜਾ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ ਕੇਦਾਰਾ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਰਾਗਾਂ ਵਿਚ ਬਾਣੀ ਰਚਨਾ ਕੀਤੀ ਹੈ।

ਭਗਤ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਹੜੇ ਰਾਗਾਂ ਵਿਚ ਬਾਣੀ ਮਿਲਦੀ ਹੈ, ਉਹ ਹਨ — ਸ਼ਿਰੀ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਿਰੀ ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਮਲਾਰ।

ਭਗਤ ਪੀਪਾ ਜੀ ਅਤੇ ਸੈਣ ਜੀ ਨੇ ਧਨਾਸਰੀ ਰਾਗ ਅਤੇ ਭਗਤ ਧੰਨਾ ਜੀ ਨੇ

(ਬਾਕੀ ਸਫ਼ਾ 10 ਤੇ)

# ਆਸਾ ਦੀ ਵਾਰ ਦਾ ਲੜੀਵਾਰ ਵਿਚਾਰ

ਪ੍ਰੇਮ ਸਿੰਘ ਪ੍ਰੇਮ

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮ: ੧ ਘੜੀਆ ਸਭੇ ਗੋਪੀਆ ਪਹਰ ਕੰਨ ਗੋਪਾਲ ।
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ।
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ।
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ । ੧ ।

ਵਿਆਖਿਆ : – ਚੌਥੀ ਪਉੜੀ ਦੇ ਦੂਸਰੇ ਸਲੋਕ ਵਿਚ ਰਾਸ ਧਾਰੀਆਂ ਦੀ ਰਾਸ ਨੂੰ ਇਕ ਖੇਲ੍ਹ ਤਮਾਂਸ਼ਾ ਮਾਤ੍ਰ ਵਰਨਣ ਕੀਤਾ ਗਿਆ ਹੈ ਅਤੇ ਇਹਨਾਂ ਦਿਲ ਪ੍ਰਚਾਵੇ ਦੇ ਹਾਸਿਆਂ ਵਿਚ ਗਿਆਨ ਦੀ ਉਤਪਤੀ ਦੀ ਉੱਕਾ ਕੋਈ ਗੱਲ ਨਹੀਂ ਹੈ । ਸ਼ ਪੰਜਵੀਂ ਪਉੜੀ ਦੇ ਪ੍ਰਾਰੰਭਕ ਸਲੋਕ ਵਿਚ ਕੁਦਰਤੀ ਨਜ਼ਾਰਿਆਂ ਰਾਹੀਂ ਗਿਆਨ ਵੱਲ ਨਜ਼ਰ ਪ ਉਣ ਦਾ ਜਤਨ ਕੀਤਾ ਗਿਆ ਹੈ । ਸਮੇਂ ਦੀ ਬੰਦਸ਼ ਨੂੰ ਅਤਾਰ (ਚੰਦ, ਸੂਰਜ) ਮੰਨ ਕੇ ਤੁਲਨਾ ਦਿੱਤੀ ਜਾਂਦੀ ਹੈ । ਜਿਵੇਂ ਘੜੀ ਤੇ ਪਹਿਰ ਦਾ ਸਮਾਂ (ਤਿੰਨ (3) ਘੰਟੇ ਦਾ ਇਕ ਪਹਿਰ ਹੁੰਦਾ ਹੈ) ਤੇ ਚੌਵੀ (24) ਮਿੰਟ ਦੀ ਘੜੀ ਸੋ ਕ੍ਰਿਸ਼ਨ ਨਾਲ ਜਿਸ ਤਰ੍ਹਾਂ ਸਾਖੀਆਂ ਸਨ ਚੰਦ-ਸੂਰਜ ਨਾਲ ਇਹ ਘੜੀਆਂ ਪਹਿਰਾਂ ਨੂੰ ਮੰਨ ਕੇ ਨਾਟਕੀ ਦ੍ਰਿਸ਼ ਖਿੱਚਿਆ ਗਿਆ ਹੈ ਅਤੇ ਇਹਨਾਂ ਦੇ ਗਹਿਣੇ ਹਵਾ, ਪਾਣੀ ਤੇ ਅੱਗ ਆਦਿ ਦੱਸ ਕੇ ਇਸ ਧਰਤੀ ਧਰਮਸਾਲ ਨੂੰ ਰਾਸ ਦੀ ਸਟੇਜ ਵਿਉਂਤਿਆ ਗਿਆ ਹੈ । ਹਜ਼ੂਰ ਗੁਰੂ ਨਾਨਕ ਪਾਤਸ਼ਾਹ ਨੇ ਇਸ ਸਲੋਕ ਵਿਚ ਦੱਸਿਆ ਹੈ ਕਿ ਗਿਆਨ ਤੋਂ ਸੱਖਣੀ (ਸ੍ਰਿਸ਼ਟੀ) ਠੱਗੀ ਜਾ ਰਹੀ ਹੈ । ਗਿਆਨ ਤੋਂ ਬਿਨ੍ਹਾਂ ਸਮਾਂ ਜਾਇਆ ਕਰਨ ਵਾਲੀ ਗੱਲ ਹੈ । ਜਿਵੇ ਜਮਕਾਲ ਸਭ ਨੂੰ ਖਾਈ ਜਾਂਦਾ ਹੈ ।

ਮਹਲਾ ੧ ਵਾਇਨਿ ਚੇਲੇ ਨਚਨਿ ਗੁਰ । ਪੈਰ ਹਲਾਇਨਿ ਫੇਰਨਿ ਸਿਰ ।
ਉਡਿ ਉਡਿ ਰਾਵਾ ਝਾਟੈ ਪਾਇ । ਵੇਖੈ ਲੋਕੁ ਹਸੈ ਘਰਿ ਜਾਇ ।
ਰੋਟੀਆ ਕਾਰਣਿ ਪੂਰਹਿ ਤਾਲ । ਆਪੁ ਪਛਾੜਹਿ ਧਰਤੀ ਨਾਲਿ ।
ਗਾਵਨਿ ਗੋਪੀਆ ਗਾਵਨਿ ਕਾਨ੍ । ਗਾਵਨਿ ਸੀਤਾ ਰਾਜੇ ਰਾਮ ।
ਨਿਰਭਉ ਨਿਰੰਕਾਰੁ ਸਚੁ ਨਾਮੁ । ਜਾ ਕਾ ਕੀਆ ਸਗਲ ਜਹਾਨੁ ।
ਸੇਵਕ ਸੇਵਹਿ ਕਰਮਿ ਚੜਾਉ । ਭਿੰਨੀ ਰੈਣਿ ਜਿਨਾ ਮਨਿ ਚਾਉ ।
ਸਿਖੀ ਸਿਖਿਆ ਗੁਰ ਵੀਚਾਰਿ । ਨਦਰੀ ਕਰਮਿ ਲਘਾਏ ਪਾਰਿ ।
ਕੋਲੂ ਚਰਖਾ ਚੱਕੀ ਚਕੁ । ਥਲ ਵਾਰੋਲੇ ਬਹੁਤੁ ਅਨੰਤੁ ।
ਲਾਟੂ ਮਾਧਾਣੀਆ ਅਨਗਾਹ । ਪੰਖੀ ਭਉਦੀਆ ਲੈਨਿ ਨ ਸਾਹ ।
ਸੂਐ ਚਾੜਿ ਭਵਾਈਅਹਿ ਜੰਤ ਨਾਨਕ ਭਉਦਿਆ ਗਣਤ ਨ ਅੰਤ ।
ਬੰਧਨ ਬੰਧਿ ਭਵਾਏ ਸੋਇ । ਪਇਐ ਕਿਰਤਿ ਨਚੈ ਸਭੁ ਕੋਇ ।

ਨਚਿ ਨਚਿ ਹਸਹਿ ਚਲਹਿ ਸੇ ਰੋਇ। ਉਡਿ ਨ ਜਾਹੀ ਸਿਧ ਨ ਹੋਹਿ।
ਨਚਣੁ ਕੁਦਣੁ ਮਨ ਕਾ ਚਾਉ। ਨਾਨਕ ਜਿਨ ਮਨਿ ਭਉ ਤਿਨਾ ਮਨਿ।
ਭਾਉ ਮ: ੨

ਵਿਆਖਿਆ :—ਵਿਸਵ ਰਾਸ (ਕੁਦਰਤੀ ਸਮੇਂ ਦਾ ਚੱਕਰ) ਦਾ ਦਰਸ਼ਨ ਦਸ ਕੇ ਆਪ ਜੀ ਨੇ ਦੂਸਰੇ ਸਲੋਕ ਵਿਚ ਰਾਸ ਧਾਰੀਆ ਦਾ ਪੂਰਾ ਨਕਸ਼ਾ ਹੀ ਪੇਸ਼ ਕਰ ਦਿੱਤਾ ਹੈ ਕਿ ਇਖਲਾਕੀ ਤੌਰ ਤੇ ਇਹ ਰਾਮ ਲੀਲਾ ਗਲਤ ਹੈ। ਇਹ ਤਾਂ ਸਿਰਫ ਲੋਕਾਂ ਤੋਂ ਮਾਇਆ ਬਟੋਰਨ ਲਈ ਹਾਸ ਰਾਸ ਵਿਅੰਗ ਹੀ ਹੋਇਆ। ਜਿਵੇਂ ਚੇਲੇ ਸਾਜ ਵਜਾਉਂਦੇ ਹਨ ਤੇ ਗੁਰੂ ਨੱਚਦੇ ਹਨ। ਭਾਈ ਗੁਰਦਾਸ ਜੀ ਨੇ ਵੀ ਪਹਿਲੀ ਵਾਰ ਦੀ 30 ਵੀਂ ਪਉੜੀ ਵਿਚ ਜ਼ਿਕਰ ਕੀਤਾ ਹੈ, 'ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁ ਬਿਧਿ ਭਾਈ।'' ਸੋ ਲੋਕ ਹਾਸੇ ਖੇਲ ਦਾ ਪ੍ਰਚਾਵਾ ਕਰਕੇ ਕੁਝ ਪੈਸੇ ਸੁੱਟ ਘਰਾਂ ਨੂੰ ਚਲੇ ਜਾਂਦੇ ਹਨ। ਇਹ ਤਾਂ ਸਿਰਫ ਰੋਟੀਆਂ (ਕਮਾਉਣ) ਲਈ ਤਾਲ ਪੂਰਦੇ ਹਨ ਪਰ ਕਰ ਇਹ ਧਰਮ ਦੇ ਨਾਂ ਤੇ ਰਹੇ ਹਨ। ਕ੍ਰਿਸ਼ਨ ਗੋਪੀਆਂ ਅਤੇ ਸੀਤਾ ਰਾਮ ਆਦਿ ਇਤਿਹਾਸਕ ਜੀਵਨੀਆਂ ਦਾ ਮਜ਼ਾਕ ਹੀ ਉਡਾਇਆ ਜਾ ਰਿਹਾ ਹੈ। ਇਸ ਤੋਂ ਚੰਗਾ ਤੇ ਹੈ ਕਿ ਕਿਰਤ ਕਰਕੇ ਕੁਝ ਕਮਾਇਆ ਜਾਵੇ ਅਤੇ ਹੱਥੋਂ ਦੇ ਕੇ ਭਲਾ ਮਨਾਉਣਾ ਚਾਹੀਦਾ ਹੈ। ਸੋ ਸਾਹਿਬ ਜੀ ਸਲੋਕ ਦੇ ਅੰਤਲੇ ਪੜਾਵ ਵਿਚ ਕਹਿੰਦੇ ਹਨ ਕਿ ਪੂਜਾ ਇਕ ਨਿਰੰਕਾਰ ਦੀ ਕਰਨੀ ਹੀ ਲੋੜੀਂਦੀ ਹੈ। ਇਹੋ ਜਿਹੀਆਂ ਰਾਸਾਂ ਧਾਰਮਕ ਪੂਜਾ ਨਹੀਂ ਹਨ ਅਤੇ ਇਹਨਾਂ ਕਰਕੇ ਹੀ ਜਨਮ ਮਰਨ ਦਾ ਗੇੜ ਬਣਿਆ ਰਹਿ ਜਾਂਦਾ ਹੈ। ਸੱਚੀ ਭਗਤੀ ਇਕ ਨਿਰਭਉ ਨਿਰੰਕਾਰ ਦੀ ਉਸਤਤੀ ਤੇ ਨਿਰਸਵਾਰਥ ਸੇਵਾ ਦੁਆਰਾ ਹੁੰਦੀ ਹੈ ਅਤੇ ਨਿਰੰਕਾਰ ਦੀ ਬਖਸ਼ਿਸ਼ ਸਦਕਾ ਮਨ ਦੀ ਇਕਾਗਰਤਾ ਕਾਇਮ ਹੋ ਜਾਂਦੀ ਹੈ ਤੇ ਉਹਨਾਂ ਦੀ ਜੀਵਨ ਰੂਪੀ ਰਾਤ ਰਸ ਭਿੰਨੀ ਅਤੇ ਸਿਖਿਆਦਾਇਕ ਹੋ ਜਾਂਦੀ ਹੈ। ਨਿਰੰਕਾਰ ਦੀ ਮਿਹਰ ਸਦਕਾ ਭਵ ਸਾਗਰ ਤੋਂ ਪਾਰ ਲੰਘ ਜਾਂਦੇ ਹਨ। ਪਰ ਇਹ ਧਰਮ ਦੇ ਨਾਮ ਤੇ ਰਾਗਾਂ ਦਾ ਨਾਚ ਤਾਂ ਕਲਾ ਦੇ ਪੁਰਜ਼ਿਆਂ ਵਾਂਗ ਨਿਰਜਿੰਦ, ਨਿਰਭਾਵ, ਨਿਰਗਿਆਨ ਭਉਣ ਮਾਤਰ ਦੀ ਕਿਰਿਆ ਹੈ। ਜਿਵੇਂ ਭਉਂਦਾ ਹੈ, ਤੇਲ ਪੀੜਨ ਵਾਲਾ ਕੋਹਲੂ, ਕੱਤਣ ਵਾਲਾ ਚਰਖਾ, ਪੀਹਣ ਵਾਲੀ ਚੱਕੀ ਅਤੇ ਭਾਂਡੇ ਘੜੇ ਜਾਣ ਵਾਲਾ ਘੁਮਾਰ ਦਾ ਚੱਕ। ਇਹ ਮਿਸਾਲਾਂ ਦੇ ਕੇ ਸਾਹਿਬ ਨੇ ਇਹਨਾਂ ਰਾਸਾਂ ਨਕਲਾਂ ਤੋਂ ਜੀਵ ਨੂੰ ਵਰਜਿਆ ਹੈ, ਇਸ ਉਪਰੋਕਤ ਸਲੋਕ ਵਿਚ।

ਪਉੜੀ ੫ ਨਾਉ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨਾ ਜਾਈਐ।
ਜੀਉ ਪਿੰਡੁ ਸਭੁ ਤਿਸਦਾ ਦੇ ਖਾਜੈ ਆਖਿ ਗਵਾਈਐ।
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।
ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ।
ਕੋ ਰਹੈ ਨ ਭਰੀਐ ਪਾਈਐ। ੫

ਵਿਆਖਿਆ : ਇਸ ਪੰਜਵੀਂ ਪਉੜੀ ਵਿਚ ਇਹ ਸੁਮੱਤਿ ਦਿੱਤੀ ਹੈ ਕਿ ਬੁਢੇਪਾ ਆ ਗਿਆ ਹੈ ਅਤੇ ਇਸ ਤੋਂ ਮਗਰੋਂ ਮੌਤ ਆ ਰਹੀ ਹੈ। ਇਸ ਲਈ ਜਦ ਤਕ ਪਿੰਡੇ ਵਿਚ ਸਵਾਸਾਂ ਦਾ

ਮੇਲ ਹੈ, ਉਸ ਨਿਰੰਕਾਰ ਨੂੰ ਯਾਦ ਰੱਖ, ਜਿਸ ਦਾ ਇਹ ਸਰੀਰ ਪਿੰਡ ਦਿੱਤਾ ਹੋਇਆ ਹੈ। ਉਸ ਦੀ ਯਾਦ ਦਾ ਸਦਕਾ ਜੀਵ ਸਰੀਰ ਤੋਂ ਛੁੱਟ ਕੇ ਉਸ ਨਿਰੰਕਾਰ ਨਾਲ ਹੀ ਸਮਾ ਜਾਵੇਗਾ ਅਤੇ ਫਿਰ ਨਰਕਾਂ ਭਾਵ ਜਨਮ ਮਰਨ ਦਾ ਗੇੜ ਮੁੱਕ ਜਾਵੇਗਾ। ਇਸ ਲਈ ਜੋ ਕੁਝ ਪੁੰਨ-ਮਹਜ ਕਰਮ ਹੋ ਸਕੇ, ਕਰਕੇ ਹੰਕਾਰ ਨਾ ਕਰ ਅਤੇ ਨਿਮਰਤਾ ਵਿਚ ਰਹਿ। ਜੋ ਕੁਝ ਪਿੰਡ ਪਾਲਣਾ ਲਈ ਪਾਸ ਹੈ, ਉਸ ਵਿਚੋਂ ਵੰਡ ਖਾਈਏ। ਇਹ ਰਸਤਾ ਹੈ ਆਪਣੇ ਆਪ ਨਾਲ ਚੰਗਿਆਈ ਕਰਨ ਦਾ ।

ਪਹਿਲੇ ਦਿੱਤੇ ਦੋਹਾਂ ਸਲੋਕਾਂ ਵਿਚ ਇਕ ਤਾਂ ਉਨ੍ਹਾਂ ਗਲਤ ਰਸਤਿਆਂ ਤੋਂ ਬਚਣ ਲਈ ਸੂਚਨਾ ਦਿੱਤੀ ਹੈ, ਜਿਹਨਾਂ ਵਿਚ ਪੈ ਕੇ ਜਗਤ ਠੱਗਿਆ ਜਾ ਰਿਹਾ ਹੈ ਅਤੇ ਭਲਾ ਨਹੀਂ ਕਰ ਰਿਹਾ। ਇਸ ਨੂੰ ਗਿਆਨ ਵਿਹੂਣੀ ਦਸ਼ਾ ਕਿਹਾ ਹੈ। ਸੋ ਕਾਦਰ ਦੀ ਕੁਦਰਤ ਵਿਚ ਕੁਦਰਤੀ ਰਾਸ ਤਕ ਕੇ 'ਵਿਸਮਾਦੁ' ਵਿਚ ਉਠਣਾ ਹੈ। ਭਾਵ ਮੌਤ ਨੂੰ ਸਦਾ ਯਾਦ ਰੱਖਣਾ ਹੈ। ਜਿਵੇਂ ਕਬੀਰ ਜੀ ਵੀ ਆਸਾ ਰਾਗੁ ਵਿਚ ਆਪਣੀ ਬਾਣੀ ਰਾਹੀਂ ਯਾਦ ਕਰਵਾਉਂਦੇ ਹਨ :

ਤੰਤੁ ਮੰਤੁ ਅਉਖਧ ਜਾਨਹਿ ਅੰਤਿ ਤਊ ਮਰਨਾ। (ਚਲਦਾ)

---

(ਬਾਕੀ ਸਫ਼ਾ 7 ਦੀ)

ਧਨਾਸਰੀ ਦੇ ਨਾਲ ਆਸਾ ਰਾਗ ਦਾ ਵੀ ਪ੍ਰਯੋਗ ਕੀਤਾ ਹੈ। ਭਗਤ ਭੀਖਣ ਨੇ ਸੋਰਠਿ ਰਾਗ ਅਤੇ ਭਗਤ ਪਰਮਾਨੰਦ ਅਤੇ ਭਗਤ ਸੂਰਦਾਸ ਨੇ ਸਾਰੰਗ ਰਾਗ ਵਿਚ ਕਾਵਿ ਰਚਨਾ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। (ਚਲਦਾ)

---

ਫੁੱਟ ਨੋਟ ਤੇ ਹਵਾਲੇ


1. ਸਾਰੰਗ ਦੇਵ, ਸੰਗੀਤ ਰਤਨਾਕਰ (ਭਾਗ 1), ਪੰਨਾ 15
2. ਆਹੋਬਲ, ਸੰਗੀਤ ਪਾਰਿਜਾਤ ਪੰਨਾ 91
3. ਦਮੋਦਰ ਪੰਡਤ, ਸੰਗੀਤ ਦਰਪਣ ਪੰਨਾ 73
4. ਉਮੇਸ਼ ਜੋਸ਼ੀ, ਭਾਰਤੀ ਸੰਗੀਤ ਦਾ ਇਤਿਹਾਸ ਪੰਨਾ 53-59
5. ਉਹੀ ਪੰਨਾ 70
6. ਭਾਤ ਖੰਡੇ, ਉਤਰ ਭਾਰਤੀਯ ਸੰਗੀਤ ਦਾ ਸੰਕਸ਼ਿਪਤ ਇਤਿਹਾਸ ਪੰਨਾ 4
7. ਬ੍ਰਿਹਸਪਤੀ, ਸੰਗੀਤ ਚਿੰਤਾਮਣੀ ਪੰਨਾ 13
8. — ਉਹੀ - ਪੰਨਾ 118-119
9. ਤਾਰਾ ਸਿੰਘ, ਸੁਰਜੀਤ ਕੌਰ, ਵਾਦਨ ਕਲਾ ਪੰਨਾ 244-245
10. ਅਚਾਰੀਆ ਬ੍ਰਿਹਸਪਤੀ, ਭਾਰਤੀਯ ਸੰਗੀਤ ਕੋ ਅਮੀਰ ਖੁਸਰੋ ਦਾ ਯੋਗਦਾਨ 'ਅਮੀਰ ਖੁਸਰੋ' (ਸੰ.) ਡਾ. ਮਲਿਕ ਮੁਹੰਮਦ, ਪੰਨਾ 33
11. ਅਹੋਬਲ ਸੰਗੀਤ ਪਾਰਿਜਾਤ ਪੰਨਾ 6-7
12. ਓਅੰਕਾਰ ਨਾਥ ਠਾਕਰ ਭਾਰਤੀਯ ਲੋਕ ਸੰਗੀਤ ਕੀ ਆਤਮਾ (ਲੋਕ ਸੰਸਕ੍ਰਿਤੀ ਅੰਕ) (ਸੰਮੇਲਨ ਪੱਤ੍ਰਿਕਾ) ਪੰਨਾ 301-302
13. ਪ੍ਰੋ. ਟੰਡਨ, ਪੰਜਾਬੀ ਦੁਨੀਆ, ਜਨਵਰੀ; ਫਰਵਰੀ 1975, ਪੰਨਾ 93

# ਗੁਰਬਾਣੀ ਸੰਗੀਤ ਸੰਕੇਤਾਂ ਅਤੇ ਸਿਰਲੇਖਾਂ ਦਾ ਗੁਰਮਤਿ ਸੰਗੀਤ ਵਿਚ ਮਹੱਤਵ

*ਡਾ. ਜਸਬੀਰ ਸਿੰਘ ਸਾਬਰ

ਸੰਗੀਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਸਮਝਣ ਤੇ ਸਮਝਾਉਣ ਦੀ ਇਕ ਨਿੱਗਰ ਸੰਚਾਰ-ਜੁਗਤ ਹੈ। ਮਾਨਵ-ਮਨ ਨੂੰ ਬਾਣੀ ਦੀ ਬਹੁਤੀ ਸਮਝ, ਨਿਰਸੰਦੇਹ ਸੰਗੀਤ ਰਾਹੀਂ ਹੀ ਆਉਂਦੀ ਹੈ ਕਿਉਂਕਿ ਇਹ ਮਾਨਵ ਮਨ ਦੀ ਚੰਚਲਤਾ ਦਾ ਨਿਰੋਧ ਕਰਕੇ, ਟਿਕਾਉ ਪ੍ਰਦਾਨ ਕਰਨ ਦੇ ਸਮਰਥ ਹੁੰਦਾ ਹੈ। ਮਨੋਵਿਗਿਆਨੀਆਂ ਦਾ ਮਤ ਹੈ ਕਿ ਜੇ ਧਰਮ ਤੇ ਸੰਗੀਤ ਇਕੱਠੇ ਹੋ ਜਾਣ ਤਾਂ ਇਹ ਮਾਨਵ ਦੀ ਪਸ਼ੂ ਬਿਰਤੀ ਨੂੰ ਤਬਦੀਲ ਕਰਕੇ ਉਸ ਦੀ ਸੋਚ ਨੂੰ ਸੂਖਮ ਬਣਾ ਦਿੰਦੇ ਹਨ।[1] ਭਗਵਤ ਗੀਤਾ ਵਿਚ ਵੀ ਇੰਦਰੀਆਈ ਸੁਖਾਂ ਦੀ ਥਾਂ ਮਾਨਸਿਕ ਸੁੱਖ ਦੇਣ ਵਾਲੇ ਅਜੇਹੇ ਸਾਧਨਾਂ ਨੂੰ ਪ੍ਰਥਮਤਾ ਦਿੱਤੀ ਗਈ ਹੈ ਜੋ ਪਰਮ ਸਤਿ ਨਾਲ ਮਾਨਵ-ਸੁਰਤਿ ਜੋੜਨ ਵਿਚ ਸਹਾਈ ਹੋਣ। ਧਰਮ ਸ਼ਾਸਤ੍ਰੀਆਂ ਨੇ ਸੰਗੀਤ ਦੇ ਮਾਧਿਅਮ ਰਾਹੀਂ ਚਾਰ ਪਦਾਰਥਾਂ ਦੀ ਪ੍ਰਾਪਤੀ ਹੋਣੀ ਮੰਨੀ ਹੈ[2]। ਸਕਾਟ ਸਿਰਲ ਨੇ ਤਾਂ ਸੰਗੀਤ ਨੂੰ ਪਰਮਾਤਮਾ ਤੇ ਮਨੁੱਖ ਵਿਚਕਾਰ ਇਕ ਵਧੀਆ ਸੰਚਾਰ-ਸਾਧਨ ਮੰਨਿਆ ਹੈ[3]। ਸੰਗੀਤ ਦਾ ਸ੍ਰੋਤ 'ਨਾਦ' ਹੈ ਜਿਸ ਕਰਕੇ ਹਰ ਪ੍ਰਾਣੀ ਇਸ ਤੋਂ ਭਿਜ ਹੁੰਦਾ ਹੈ। 'ਨਾਦ' ਦੇ ਇਸ ਮਾਧਿਅਮ ਰਾਹੀਂ ਖੁਸ਼ੀ, ਗਮੀ, ਆਸ਼ਾ, ਨਿਰਾਸ਼ਾ, ਹਰਖ ਅਤੇ ਸੋਗ ਨੂੰ ਅਭਿਵਿਅਤੀ ਦਿੱਤੀ ਜਾਂਦੀ ਹੈ। ਇਸ ਦੇ ਮਾਧਿਅਮ ਰਾਹੀਂ ਪਰਮਾਤਮਾ ਨਾਲ ਇਕਸੁਰਤਾ ਪ੍ਰਾਪਤ ਹੋ ਸਕਦੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਨਾਦਮਈ ਪ੍ਰਗਟਾਉ ਐਸਾ ਸੂਖਮ ਤੇ ਤਰਲ ਹੁੰਦਾ ਹੈ ਕਿ ਇਸਦਾ ਗੂੜ੍ਹਾ ਰਿਸ਼ਤਾ ਦਿਲ ਦੇ ਚਾਵਾਂ ਤੇ ਵਿਲਕਣੀਆਂ ਨਾਲ ਆਪੂੰ ਜੁੜ ਜਾਂਦਾ ਹੈ। ਇਨ੍ਹਾਂ ਖੁਸ਼ੀਆਂ ਗਮੀਆਂ ਨੂੰ ਰਾਗ ਵਰਗੀ ਸੂਖਮ ਕਲਾ ਹੀ ਪ੍ਰਗਟਾਉਣ ਦੇ ਸਮਰਥ ਹੁੰਦੀ।[4] ਸ਼ਾਇਦ ਏਸੇ ਲਈ ਮਧਕਾਲੀਨ ਕਰਤਾਰੀ ਸ਼ਖਸ਼ੀਅਤਾਂ ਨੇ ਆਵੇਸ਼ ਵਿਚ ਆਏ ਆਪਣੇ ਅਨੁਭਵੀ ਉਪਦੇਸ਼ਾਂ ਨੂੰ ਲੋਕ-ਮਾਨਸ ਦੀ ਚੇਤਨਾ ਵਿਚ ਦ੍ਰਿੜ ਕਰਾਉਣ ਲਈ ਸੰਗੀਤ ਦੀ ਸੰਚਾਰ-ਜੁਗਤ ਨੂੰ ਮਾਧਿਅਮ ਬਣਾਇਆ। ਪ੍ਰਭੂ-ਇਸ਼ਕ ਵਿਚ ਰਤਾ ਸਾਧਕ, ਆਪਣੀ ਬਿਹਬਲਤਾ, ਨਮ੍ਰਤਾ, ਹਲੀਮੀ ਅਤੇ ਮਨਬਚਨੀ ਨੂੰ ਜਦ ਵਿਅਕਤ ਕਰਨਾ ਲੋੜਦਾ ਹੈ ਤਾਂ ਉਸ ਜਤਨ ਵਿਚ ਸੰਗੀਤ ਦੇ ਮਧੁਰ ਸੁਰ ਉਨ੍ਹਾਂ ਦਾ ਮਾਧਿਅਮ ਬਣ ਨਿਬੜਦੇ ਹਨ। ਇਸ ਤਰ੍ਹਾਂ ਅਨਹਦ ਨਾਦ ਦੀ ਇਹ ਗੂੰਜ ਪਰਮ-ਸਤਿ ਨਾਲ ਜੁੜਨ ਲਈ ਮਾਨਵੀ ਸਾਜ ਨੂੰ ਸੁਰ ਕਰਕੇ ਬ੍ਰਹਮੰਡੀ ਸੰਗੀਤ ਪੈਦਾ ਕਰਦੀ ਹੈ।

ਪ੍ਰਭੂ-ਭਗਤੀ (Meditation) ਅਤੇ ਕੀਰਤੀ (Recitation) ਲਈ ਗਾਇਨ, ਵਾਦਨ ਅਤੇ ਨ੍ਰਿਤ ਵਿਚੋਂ ਪ੍ਰਥਮਤਾ ਗਾਇਨ-ਕਲਾ ਨੂੰ ਹੀ ਦਿੱਤੀ ਗਈ ਹੈ। ਜਿਵੇਂ ਭਗਤੀ ਜਾਂ ਪੂਜਾ ਦੇ ਸੰਕਲਪ ਤੇ ਵਿਧੀਆਂ ਵੱਖ ਵੱਖ ਹੁੰਦੀਆਂ ਹਨ ਓਵੇਂ ਭਗਤੀ ਸੰਗੀਤ ਵੀ ਵਿਭਿੰਨ ਹੁੰਦਾ ਹੈ। ਪ੍ਰਾਚੀਨ ਕਾਲ ਵਿਚ ਤਾਂ ਜਾਤ-ਪਾਤ ਤੇ ਊਚ-ਨੀਚ ਦੀਆਂ ਸੌੜੀਆਂ

*ਰੀਡਰ, ਗੁਰੂ ਨਾਨਕ ਸਟੱਡੀਜ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਖਾਈਆਂ ਕਾਰਨ ਭਾਰਤੀ ਸੰਗੀਤ ਇਕ ਵਿਸ਼ੇਸ਼ ਵਰਗ ਤਕ ਸੀਮਤ ਸੀ। ਸ਼ਾਸਤਰੀ ਨਿਯਮਾਂ ਦੀ ਆੜ ਹੇਠ ਡਰਾਇਆ ਜਨ-ਸਾਧਾਰਨ ਇਸ ਦੀ ਪਕੜ ਤੋਂ ਦੂਰ ਸੀ। ਪਰ ਮਧਕਾਲੀਨ ਸੰਤਾਂ ਨੇ ਇਸ ਕਟੜਵਾਦ ਵਿਰੁਧ ਵੱਖ ਵੱਖ ਲਹਿਰਾਂ ਚਲਾ ਕੇ ਜਨ-ਸਾਧਾਰਨ ਦੇ ਕਲਿਆਣ ਹਿਤ ਰਾਗ ਬਧ ਰਚਨਾ ਕਰਦਿਆਂ ਭਗਤੀ ਸੰਗੀਤ ਦੇ ਕਿਵਾੜ ਖੋਹਲ ਦਿੱਤੇ। ਏਥੋਂ ਤੱਕ ਕਿ ਸੂਫੀ ਸੰਤਾਂ ਨੇ ਵੀ ਇਸਲਾਮ ਦੀ ਕਟੜਤਾ ਨੂੰ ਤਜਦਿਆਂ ਸੰਗੀਤ-ਸੰਚਾਰ ਰਾਹੀਂ ਅੱਲਾ ਨਾਲ ਸਿੱਧਾ ਸੰਪਰਕ ਸਥਾਪਿਤ ਕਰਨ ਦਾ ਢੰਗ ਅਪਨਾ ਲਿਆ। ਪਰ ਇਹ ਸਾਰੀਆਂ ਲਹਿਰਾਂ ਭਗਤੀ ਸੰਗੀਤ ਨੂੰ ਸੰਸਥਾਗਤ ਰੂਪ ਨਾ ਦੇ ਸਕੀਆਂ। ਇਸ ਦਾ ਸਿਹਰਾ ਸਿੱਖ-ਗੁਰੂਆਂ ਦੇ ਸਿਰ ਬੱਝਾ ਜਿਨ੍ਹਾਂ ਨੇ ਨਵਧਾਭਗਤੀ ਵਿੱਚੋਂ ਕੀਰਤਨ ਨੂੰ ਪ੍ਰਧਾਨਤਾ ਦਿੰਦਿਆਂ ਗੁਰਮਤਿ ਸੰਗੀਤ ਦੀ ਨੀਂਹ ਰੱਖੀ।

ਗੁਰਮਤਿ ਸੰਗੀਤ ਨਿਰੋਲ ਜੀਵਨ ਜਾਚ ਸਿੱਖਣ ਦਾ ਸਾਧਨ ਹੈ। ਕਿਉਂਕਿ ਇਹ ਮਾਇਆ ਮੁੱਖੀ ਕਲਾ ਨਹੀਂ। ਇਸ ਦਾ ਸੰਚਾਰ-ਸੁਭਾਉ, ਸੰਚਾਰ ਪ੍ਰਭਾਵ ਅਤੇ ਸੰਚਾਰ ਮੰਤਵ ਭਾਰਤੀ ਸੰਗੀਤ ਨਾਲੋਂ ਅੱਡਰਾ ਹੈ ਅਤੇ ਇਹ ਆਪਣੀਆਂ ਵਿਲੱਖਣ ਸੰਚਾਰ-ਬਿਰਤੀਆ ਕਾਰਨ ਮੌਲਿਕਤਾ ਦੇ ਪਦ ਨੂੰ ਪ੍ਰਾਪਤ ਕਰ ਚੁੱਕਾ ਹੈ। ਗੁਰਮਤਿ ਸੰਗੀਤ ਮਨ-ਪ੍ਰਚਾਵਾ ਨਹੀਂ ਸਗੋਂ ਆਤਮਾ ਨੂੰ ਪਰਮਾਤਮਾ ਨਾਲ ਇਕਸੁਰ ਕਰਨ ਦੀ ਜੁਗਤ ਹੈ। ਜਿਸ ਨੂੰ ਸਿੱਖ ਗੁਰੂਆਂ ਨੇ ਸ਼ਬਦ ਕੀਰਤਨ ਦੀ ਸੰਗਯਾ ਦਿੰਦਿਆਂ ਨਵੇਂ ਅਰਥਾਂ ਤੇ ਨਵੇਂ ਮੁਹਾਵਰੇ ਵਿਚ ਪੇਸ਼ ਕੀਤਾ। ਇਸ ਸੰਗੀਤ ਦਾ ਆਧਾਰ ਬੌਧਿਕਤਾ ਨਹੀਂ ਭਾਵਾਤਮਿਕ ਹੈ। ਇਸ ਕਲਾ ਰਾਹੀਂ ਗਾਵਣਹਾਰਾ, ਸ਼ਬਦ ਬਾਣੀ ਦੇ ਅੰਤਰੀਵ ਭਾਵਾਂ ਨੂੰ ਸੁਰ ਤੇ ਲੈਅ ਦੇ ਮਾਧਿਅਮ ਰਾਹੀਂ ਉਜਾਗਰ ਕਰਦਿਆਂ, ਸ੍ਰੋਤਿਆਂ ਦੇ ਮਨ ਮੰਦਰ ਵਿਚ ਦ੍ਰਿੜ ਕਰਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾ ਨੇ ਸਮਕਾਲੀ ਭਗਤੀ ਸੰਗੀਤ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ ਅਤੇ ਉਹ ਰਾਗ-ਵਿਦਿਆ ਦੇ ਗਹਿਰ ਗੰਭੀਰ ਪ੍ਰਭਾਵ ਤੋਂ ਸੁਚੇਤ ਸਨ। ਸੰਗੀਤ ਮੁਖ ਰੂਪ ਵਿਚ ਅਨੰਦਾਇਕ ਕਲਾ ਹੈ। ਰਾਗ ਦੀ ਵਿਸ਼ੇਸ਼ਤਾ ਹੈ ਕਿ ਇਹ ਸੁਰ ਤੇ ਵਰਣ ਨਾਲ ਸ਼ਸ਼ੋਬਤ ਹੋ ਕੇ ਸ੍ਰੋਤੇ ਦੇ ਮਨ ਵਿਚ ਹੁਲਾਸ ਪੈਦਾ ਕਰ ਉਸਨੂੰ ਪ੍ਰਸੰਨ ਚਿਤ ਕਰਨ ਦੇ ਸਮਰੱਥ ਹੋ ਜਾਂਦਾ ਹੈ। ਅਨੰਦਮਈ ਹੋਣ ਕਰਕੇ ਇਹ ਸ੍ਰੋਤਿਆਂ ਦੇ ਮਨ ਉਤੇ ਚੰਗੇ ਮਾੜੇ ਪ੍ਰਭਾਵ ਅੰਕਿਤ ਕਰ ਦਿੰਦਾ ਹੈ। ਏਸੇ ਲਈ ਇਸ ਗ੍ਰੰਥ ਦੇ ਬਾਣੀਕਾਰਾਂ ਨੇ 'ਗੁਰਮਤਿ ਸੰਗੀਤ' ਨੂੰ ਉਨ੍ਹਾਂ ਹਨੇਰੇ ਪੱਖਾਂ ਤੋਂ ਮੁਕਤ ਰਖਿਆ ਜੋ ਲੋਕ-ਮਾਨਸ ਦੀਆਂ ਬ੍ਰਿਤੀਆਂ, ਪ੍ਰਭੂ ਨਾਲ ਜੋੜਨਦੀ ਥਾਂ ਤੋੜਨ ਦਾ ਕਾਰਨ ਬਣਦੀਆਂ ਹਨ। ਨ੍ਰਿਤਕਲਾ, ਭਗਤੀ ਲਹਿਰ ਦਾ ਇਕ ਅੰਗ ਰਹੀ ਹੈ ਅਤੇ ਹੁਣ ਵੀ ਪ੍ਰਚਲਤ ਹੈ ਪਰ ਗੁਰਮਤਿ ਸੰਗੀਤ ਵਿਚ ਇਸ ਕਲਾ ਦਾ ਕੋਈ ਸਥਾਨ ਨਹੀਂ। ਕੁੱਝ ਵਿਦਵਾਨ ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ ਅਥਵਾ ਸ਼ਬਦ ਕੀਰਤਨ ਨੂੰ ਰਲ ਗਡ ਕਰਨ ਦੀ ਭੁਲ ਵੀ ਕਰ ਦਿੰਦੇ ਹਨ। ਭਗਤੀ ਸੰਗੀਤ ਵਿਚ ਪ੍ਰਭੂ-ਭਗਤੀ ਹੁੰਦੀ ਹੈ ਅਤੇ ਸ਼ਬਦ ਕੀਰਤਨ ਵਿਚ ਪ੍ਰਭੂ-ਜਸ ਕੀਤਾ ਜਾਂਦਾ ਹੈ ਅਤੇ ਇਸ ਕਾਰਜ ਵਿਚ ਸੰਗਤ ਜੁੜ ਕੇ ਇਸ ਨੂੰ ਪਾਵਨਤਾ ਪ੍ਰਦਾਨ ਕਰ ਦਿੰਦੀ ਹੈ। ਗੁਰਮਤਿ

ਸੰਗੀਤ ਮਾਨਵ ਨੂੰ ਹਲਤ ਸੁਖ, ਪਲਤ ਸੁਖ ਅਤੇ ਅਧਿਆਤਮਕ ਅਨੰਦ ਦੇਣ ਦਾ ਸਾਧਨ ਹੈ। ਇਹ ਸੰਗੀਤ ਤਕਨੀਕੀ ਪੱਖ ਨਾਲੋਂ ਭਾਵ-ਅਰਥ ਅਤੇ ਦਾਰਸ਼ਨਿਕ ਮੰਤਵ ਦੇ ਪ੍ਰਗਟਾਉ ਨੂੰ ਪ੍ਰਥਮਤਾ ਦਿੰਦਾ ਹੈ। ਇਸ ਸੰਗੀਤ ਦੀ ਪ੍ਰਧਾਨ ਸੁਰ ਤੇ ਰਾਗ ਚੋਣ ਵਿਸ਼ੇ ਦੇ ਪ੍ਰਗਟਾਉ ਅਨੁਕੂਲ ਹੁੰਦੀ ਹੈ। ਇਹ ਪਰੰਪਰਾਗਤ ਮੁਕਤੀ ਦਾ ਸਾਧਨ ਨਹੀਂ ਸਗੋਂ ਬ੍ਰਹਮ-ਗਿਆਨ ਦੀ ਅਨੁਭੂਤੀ ਕਰਾਕੇ ਜੀਵਨ ਮੁਕਤ ਲਈ ਕਾਰਜਸ਼ੀਲ ਰਹਿੰਦਾ ਹੈ। ਇਸ ਸੰਗੀਤ ਅਧੀਨ ਗਾਵਣਹਾਰੇ ਨੂੰ ਇਕੋ ਸਮੇਂ ਦਰਸ਼ਨਕਾਰ (philosopher) ਅਤੇ ਸੰਗੀਤਕਾਰ (Musician) ਹੋਣਾ ਪੈਂਦਾ ਹੈ ਅਤੇ ਆਪਣੇ ਅੰਤਰ ਆਤਮੇ ਵਿਚ ਨਿਹੰਕਾਰਤਾ (Humbeless) ਅਤੇ ਦਇਆ (Kindness) ਦੇ ਸ਼ੁਭ ਗੁਣ ਵਸਾਉਣੇ ਪੈਂਦੇ ਹਨ। ਕਿਉਂਕਿ ਹੰਕਾਰੀ ਵਿਦਵਾਨ ਮੰਤਵ-ਸਿਧੀ ਕਾਰਜ ਕਰਨ ਦੇ ਸਮਰੱਥ ਨਹੀਂ ਹੁੰਦੇ। ਗੁਰਮਤਿ ਸੰਗੀਤ ਵਿਚ ਕਲਾ-ਪ੍ਰਦਰਸ਼ਨ ਦੀ ਥਾਂ, ਸ਼ਬਦ-ਭਾਵ ਨੂੰ ਪ੍ਰਥਮਤਾ ਦੇ ਕੇ ਭਾਵ-ਸੰਸਾਰ ਤੇ ਬਲ ਦਿੱਤਾ ਜਾਂਦਾ ਹੈ ਅਤੇ ਸੰਗੀਤ ਨੂੰ ਕੇਵਲ ਬਾਣੀ ਦੇ ਪ੍ਰਕਾਸ਼ ਲਈ ਸਹਾਇਕ ਬਣਾ ਕੇ ਵਰਤਣ ਦੀ ਪਰੰਪਰਾ ਹੈ। ਏਹੋ ਕਾਰਨ ਹੈ ਕਿ ਸਿੱਖ ਗੁਰੂਆਂ ਨੇ ਅਜਿਹੇ ਕਿਸੇ ਰਾਗ ਜਾਂ ਲੋਕ ਧੁਨ ਦੀ ਚੋਣ ਨਹੀਂ ਕੀਤੀ ਜੋ ਸ਼ਬਦ-ਭਾਵ ਕਾਇਮ ਨਾ ਰੱਖ ਸਕਦੇ ਹੋਣ ਅਤੇ ਸੁੱਤਿਆਂ ਨੂੰ ਗਿਆਨ ਮਾਰਗ ਤੇ ਤੋਰਨ ਦੀ ਥਾਂ ਹਾਲੋਂ ਬੇਹਾਲ ਕਰਦਿਆਂ ਕੁਮਾਰਗ ਤੇ ਪਾਉਣ ਦਾ ਕਾਰਜ ਕਰਨ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਧਰਮ, ਦਰਸ਼ਨ ਅਤੇ ਸਾਹਿਤਕ ਖੇਤਰ ਵਿਚ ਵਡਮੁਲੀ ਦੇਣ ਨੇ ਹੀ ਵਿਦਵਾਨਾਂ ਦੀ ਚੇਤਨਾ ਨੂੰ ਟੁੰਬੀ ਰਖਿਆ ਹੈ। ਇਸ ਦੀ ਸੰਗੀਤਕ ਦੇਣ ਨੂੰ ਗੌਣ ਰੂਪ ਵਿਚ ਹੀ ਵੇਖਿਆ ਗਿਆ। ਇਸ ਦਾ ਮੁਖ ਕਾਰਨ ਇਹ ਲਗਦਾ ਹੈ ਕਿ ਬਾਣੀ ਦੇ ਅਧਿਐਤਾ ਵਿਦਵਾਨ ਮੂਲ ਰੂਪ ਵਿਚ ਜਾਂ ਤਾਂ ਦਰਸ਼ਨਕਾਰ ਤੇ ਸਾਹਿੱਤਕਾਰ ਸਨ ਅਤੇ ਜਾਂ ਫਿਰ ਨਿਰੋਲ ਸੰਗੀਤਕਾਰ। ਪਹਿਲਾ ਜਥਾ ਸੰਗੀਤ ਦੇ ਸੂਖਮ ਪਖ ਤੋਂ ਅਭਿਜ ਸੀ ਅਤੇ ਦੂਜਾ ਬਾਣੀ ਦੇ ਭਾਵ-ਪ੍ਰਕਾਸ਼ ਨੂੰ ਉਭਾਰਨ ਨਾਲੋਂ ਆਪਣੇ ਅਧਿਐਨ ਨੂੰ ਸੰਗੀਤ ਦੇ ਕਲਾਤਮਿਕ ਪਖ ਤਕ ਸੀਮਿਤ ਰਖਦਾ ਸੀ। ਖੁਸ਼ੀ ਦੀ ਗੱਲ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਅਕਾਦਮਿਕ ਖੇਤਰ ਵਿਚ ਕੁਝ ਅਜੇਹੇ ਸਿਰੜੀ ਵਿਦਵਾਨਾਂ ਨੇ ਪ੍ਰਵੇਸ਼ ਕੀਤਾ ਹੈ ਜੋ ਇਕ ਸਮੇਂ ਸੰਗੀਤਕਾਰ + ਦਰਸ਼ਨਕਾਰ ਹਨ ਅਤੇ ਗੁਰਮਤਿ ਸੰਗੀਤ ਦੀ ਇਸ ਨਿੱਗਰ ਸੰਚਾਰ ਜੁਗਤ ਨੂੰ ਵਿਗਿਆਨਕ ਪਖ ਤੋਂ ਘੋਖਣ ਵਿਚ ਕਾਰਜਸ਼ੀਲ ਹਨ। ਨਿਰਸੰਦੇਹ ਇਨ੍ਹਾਂ ਵਿਦਵਾਨਾਂ ਦਾ ਆਗੂ ਪ੍ਰੋ. ਤਾਰਾ ਸਿੰਘ ਨੂੰ ਮੰਨਿਆ ਜਾਣਾ ਉਚਿਤ ਲਗਦਾ ਹੈ ਜਿਨ੍ਹਾਂ ਦੇ ਸ਼ਾਗਿਰਦ ਅਜੋਕੇ ਸੈਮੀਨਾਰ ਦੇ ਨਿਰਦੇਸ਼ਕ ਡਾ. ਗੁਰਨਾਮ ਸਿੰਘ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਰਾਗਾਤਮਿਕ ਪ੍ਰਬੰਧ ਅਧੀਨ ਸੰਪਾਦਿਤ ਕੀਤੀ ਹੋਈ ਹੈ। ਇਸ ਗ੍ਰੰਥ ਦੀ ਸੰਪਾਦਨਾ, ਕਾਵਿ ਕਲਾ ਅਤੇ ਸੰਗੀਤ ਕਲਾ, ਸੰਚਾਰ ਪ੍ਰਕ੍ਰਿਆ ਦੀ ਦ੍ਰਿਸ਼ਟੀ ਤੋਂ ਅੰਗਲੀ ਸੰਗਲੀ Interwoven ਹੋ ਕੇ ਆਪਣੇ ਮੰਤਵ-ਪੂਰਤੀ ਲਈ ਸੰਜੁਗਤ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ।

ਇਸ ਰਾਗ-ਬਧ ਰਚਨਾ ਦੇ ਆਰੰਭ ਵਿਚ ਹੀ ਕੁੱਝ ਮਹੱਤਵ-ਪੂਰਨ ਸੰਗੀਤ-ਸੰਕੇਤ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਬਾਣੀ ਦੇ ਗਾਵਣਹਾਰਿਆਂ ਲਈ ਨਿਰਦੇਸ਼ ਹਨ। ਇਨ੍ਹਾਂ ਵਿਚੋਂ

ਰਾਗ, ਮਹਲਾ, ਘਰ, ਕਾਵਿ ਰੂਪ ਅਥਵਾ ਗਾਯਨ ਸ਼ੈਲੀਆਂ, ਲੋਕ ਧੁਨਾ, ਰਹਾਉ ਅਤੇ ਅੰਕ ਆਦਿ ਵਿਸ਼ੇਸ਼ ਮਹੱਤਾ ਵਾਲੇ ਹਨ। ਇਹ ਸੰਗੀਤ ਸੰਕੇਤ ਜਿੱਥੇ ਬਾਣੀ ਦਾ ਵਿਲੱਖਣ ਪ੍ਰਬੰਧ ਸਿਰਜਦਿਆਂ ਸੰਯੁਕਤ ਤੇ ਸੰਮਿਲਤ ਹੋ ਕੇ ਕਾਰਜਸ਼ੀਲ ਰਹਿੰਦੇ ਹਨ ਉਥੇ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਵਿਸ਼ੇਸ਼ ਅੰਗ ਵੀ ਹਨ। 'ਧੁਰ ਕੀ ਬਾਣੀ' ਦੇ ਰਚਨਹਾਰਿਆਂ ਨੂੰ ਆਸ ਸੀ ਕਿ ਇਸ ਦੇ ਗਾਵਣਹਾਰੇ ਇਸ ਨੂੰ ਨਿਰਧਾਰਿਤ ਰਾਗਾਂ ਅਤੇ ਅੰਕਿਤ ਸੰਗੀਤ-ਸੰਕੇਤਾਂ ਅਨੁਸਾਰ ਹੀ ਪ੍ਰਸਾਰਿਤ ਕਰਨਗੇ ਤਾਂ ਜੋ ਸ਼ਬਦ-ਭਾਵ ਠੀਕ ਪ੍ਰਸੰਗ ਵਿਚ ਸੰਚਰਿਤ ਹੋ ਸਕੇ। ਇਨ੍ਹਾਂ ਸੰਗੀਤ ਸੰਕੇਤਾਂ ਦੀ ਭਲੀ ਭਾਂਤ ਸੂਝ ਬੂਝ ਰੱਖਣ ਵਾਲੇ ਨਾਮ-ਬਾਣੀ ਵਿਚ ਰਚੇ ਗੁਰਮਤਿ ਸੰਗੀਤ ਪ੍ਰੇਮੀ, ਇਨ੍ਹਾਂ ਨਿਰਦੇਸ਼ਾਂ ਦਾ ਪਾਲਣ ਕਰਦਿਆਂ, ਸੰਗੀਤ ਦੀ ਸੰਚਾਰ-ਪ੍ਰਕ੍ਰਿਆ ਰਾਹੀਂ, ਸ਼ਬਦ-ਭਾਵ ਨੂੰ ਪ੍ਰਕਾਸ਼ਨ ਲਈ ਅਨੂਠਾ ਰੰਗ ਬੰਨ੍ਹ ਦਿੰਦੇ ਹਨ ਅਤੇ ਮਾਨਵ ਮਨ ਦੀਆਂ ਖਿੰਡੀਆਂ ਸੁਰਤਾਂ ਨੂੰ ਇਕਾਗਰ ਚਿਤ ਕਰਕੇ, ਵਸਤੂ-ਸੰਸਾਰ ਨਾਲੋਂ ਤੋੜ, ਅਧਿਆਤਮਿਕ ਮੰਡਲ ਦੀਆਂ ਉਡਾਰੀਆਂ ਲੁਆਉਂਦਿਆਂ, ਪ੍ਰਭੂ-ਚਰਨਾਂ ਨਾਲ ਇਕ ਸੁਰ ਕਰ ਦਿੰਦੇ ਹਨ। ਪਰ ਖੇਦ ਦੀ ਗੱਲ ਹੈ ਕਿ ਗੁਰਮਤਿ ਸੰਗੀਤ ਦੇ ਇਸ ਪੱਖ ਅਤੇ ਬਾਣੀ ਵਿਚ ਅੰਕਿਤ ਸੰਗੀਤ-ਸੰਕੇਤਾਂ ਦੀ ਬਹੁਤੇ ਗਾਵਣਹਾਰਿਆ ਨੂੰ ਨਾ ਤਾਂ ਲੋੜੀਂਦੀ ਸਮਝ ਹੀ ਹੈ ਅਤੇ ਨਾ ਹੀ ਉਹ ਇਸ ਖੇਤਰ ਵਿਚ ਲੋੜੀਂਦੀ ਸਿਖਿਆ ਪ੍ਰਾਪਤ ਕਰਨ ਦੇ ਇਛੁਕ ਹੀ ਹਨ। ਜਿਸ ਨੂੰ ਵਾਜੇ ਦੀ ਇਕ ਸੁਰ ਦੱਬਣੀ ਆ ਗਈ ਜਾਂ ਤਬਲੇ ਤੇ ਉਂਗਲ ਟਿਕ ਗਈ ਉਹ ਆਪਣੇ ਆਪ ਨੂੰ ਰਾਗੀਆਂ ਦੀ ਪਾਲ ਵਿਚ ਖੜਾ ਕਰ ਲੈਂਦਾ ਹੈ। ਕਲਾ ਵਿਹੂਣੇ ਇਹ ਗਾਵਣਹਾਰੇ ਸਿਨਮਾ ਸੰਗੀਤ ਦੀਆਂ ਭੌੜੀਆਂ ਦੇ ਸਹਾਰੇ ਸ੍ਰੋਤਿਆ ਦੀ ਬਿਰਤੀ ਪ੍ਰਭੂ-ਚਰਨਾਂ ਨਾਲ ਜੋੜਨ ਦੀ ਥਾਂ ਤੋੜਨ ਦਾ ਕਾਰਜ ਵਧੇਰੇ ਕਰਦੇ ਹਨ। ਕਈ ਵਾਰ ਤਾਂ ਸ਼ਬਦ ਗਾਇਨ ਇਤਨਾ ਬੇਸੁਰਾ ਤੇ ਬੇਤਾਲਾ ਹੁੰਦਾ ਹੈ ਕਿ ਸ੍ਰੋਤਾਗਨ, ਸੰਗਤ ਵਿਚ ਬੈਠਣ ਦੇ ਯੋਗ ਹੀ ਨਹੀਂ ਰਹਿੰਦਾ। ਸ਼ਾਇਦ ਏਹੋ ਕਾਰਨ ਹੈ ਕਿ 'ਗੁਰਮਤਿ ਸੰਗੀਤ' ਮੰਚ ਤੇ ਉਹ ਸਤਿਕਾਰਿਤ ਸਥਾਨ ਪ੍ਰਾਪਤ ਨਹੀਂ ਕਰ ਸਕਿਆ। ਜਿਸ ਦਾ ਉਹ ਅਸਲ ਹੱਕਦਾਰ ਹੈ।

ਗੁਰਬਾਣੀ ਦੇ ਇਹ ਸੰਗੀਤ-ਸੰਕੇਤ ਗੁਰਮਤਿ ਸੰਗੀਤ ਖੇਤਰ ਦੇ ਖੋਜਾਰਥੀਆਂ ਅਤੇ ਜਗਿਆਸੂਆ ਲਈ ਵਿਸ਼ੇਸ਼ ਭਾਂਤ ਦੇ ਦਿਸ਼ਾ ਸੂਚਕ (compass) ਹਨ, ਜਿਨ੍ਹਾਂ ਦਾ ਅਨੁਕਰਣ ਕਰਦਿਆਂ ਮੰਤਵ-ਸਿਧੀ ਦੇ ਨੇੜੇ ਪੁੱਜਿਆ ਤੇ ਪਹੁੰਚਾਇਆ ਜਾ ਸਕਦਾ ਹੈ। ਇਸ ਖੋਜ-ਪੱਤਰ ਅਧੀਨ ਇਨ੍ਹਾਂ ਸੰਗੀਤ-ਸੰਕੇਤਾਂ ਬਾਰੇ ਸੁਤੰਤਰ ਤੇ ਸਮੂਹਕ ਰੂਪ ਵਿਚ ਚਰਚਾ ਕਰਨੀ ਤਰਕ-ਸੰਗਤ ਹੈ। ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਰਾਗ ਬਾਰੇ ਵਿਚਾਰ ਕਰਨੀ ਬਣਦੀ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਮੁੱਖ ਸੰਪਾਦਨ-ਕਾਰਜ ਰਾਗਾਤਮਿਕ ਹੈ। ਬਾਣੀ ਦੇ ਆਰੰਭ ਵਿਚ ਅੰਕਿਤ ਰਾਗ, ਗਾਵਣਹਾਰੇ ਲਈ ਸੰਬੰਧਿਤ ਰਾਗ ਵਿਚ ਸ਼ਬਦ ਗਾਯਨ ਕਰਨ ਦਾ ਨਿਰਦੇਸ਼ ਹੈ।

ਪ੍ਰਾਚੀਨ ਗ੍ਰੰਥਾਂ ਵਿਚ 'ਰਾਗ' ਸ਼ਬਦ ਦਾ ਉਲੇਖ ਵੱਖ ਵੱਖ ਸੰਦਰਭਾਂ ਵਿਚ ਕੀਤਾ ਗਿਆ ਹੈ। ਕਾਵਿ ਪੱਖੋਂ ਇਸ ਨੂੰ 'ਪ੍ਰੀਤ' ਦੇ ਅਨੁਰਾਗ ਦੇ ਅਰਥ ਦਿੱਤੇ ਗਏ ਹਨ ਅਤੇ ਦਰਸ਼ਨ ਪੱਖੋਂ 'ਰਾਗ ਵਿਰਾਗ'।[5] ਏਥੋਂ ਤਕ ਕਿ ਨਾਟਯ ਸ਼ਾਸਤਰ ਵਿਚ ਵੀ ਇਸ ਦਾ

ਉਲੇਖ ਸਾਹਿਤਕ ਪੱਧਰ ਤੇ ਹੀ ਹੋਇਆ ਹੈ। ਸੰਗੀਤ ਪਖੋਂ ਇਸ ਦੀ ਪ੍ਰੀਭਾਸ਼ਾ ਸਪਸ਼ਟ ਰੂਪ ਵਿਚ ਮਤੰਗ ਮੁਨੀ ਦੇ ਗ੍ਰੰਥ 'ਬ੍ਰਹਦੇਸ਼ੀ'[7] ਅਤੇ ਸੰਗੀਤ ਅਚਾਰੀਆ ਪੰਡਤ ਸਾਰੰਗ ਦੇਵ ਦੇ ਗ੍ਰੰਥ ਸੰਗੀਤ ਰਤਨਾਕਰ[8] ਵਿਚ ਕੀਤੀ ਗਈ ਹੈ। ਰਾਗ ਤੋਂ ਭਾਵ ਉਹ ਅਵਾਜ਼ ਹੁੰਦੀ ਹੈ ਜੋ ਸਾਡੇ ਹਿਰਦੇ ਵਿਚ ਕ੍ਰਿਆਸ਼ੀਲ ਹੈ, ਗਲੇ ਰਾਹੀਂ ਬਾਹਰ ਆਉਂਦੀ ਹੈ। ਸੁਰੀਲਾ ਗਲਾ ਕੁਦਰਤੀ ਨਿਆਮਤ ਹੁੰਦਾ ਹੈ ਬੌਧਿਕਤਾ ਨਾਲ ਨਾ ਇਹ ਰਸੀਲਾ ਬਣ ਸ਼ਕਦਾ ਹੈ ਤੇ ਨਾ ਹੀ ਬਣਾਇਆ ਜਾ ਸਕਦਾ ਹੈ।

ਕੰਵਰ ਮ੍ਰਿਹਿੰਦ ਸਿੰਘ ਨੇ ਗਣਿਤ ਦੇ ਅਧਾਰ ਤੇ ਉਤਰੀ ਸੰਗੀਤ ਪੱਧਤੀ 484 × 310 = 1150,040 ਅਤੇ ਦੱਖਣੀ ਸੰਗੀਤ ਪੱਧਤੀ ਦੇ 484 × 72 = 34, 848 ਰਾਗ ਦੱਸੇ ਹਨ। ਉਨ੍ਹਾਂ ਨੇ ਵਿਅੰਕਟ ਮੁਖੀ ਦੇ ਗ੍ਰੰਥ ਨੂੰ ਆਧਾਰ ਮੰਨ ਕੇ ਹਰੇਕ ਥਾਟ ਵਿਚ 484 ਰਾਗ ਮੰਨਦਿਆਂ ਉਤਰੀ ਪੱਧਤੀ ਦੇ 310 ਅਤੇ ਦੱਖਣੀ ਦੇ 72 ਥਾਟ ਦਰਸਾਏ ਹਨ। ਪਰ ਉਨ੍ਹਾਂ ਨੇ 200 ਦੇ ਲਗਪਗ ਰਾਗਾਂ ਦੀ ਵਰਤੋਂ ਨੂੰ ਸਵੀਕਾਰ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਆਰੰਭਿਕ ਸਿਰਲੇਖਾਂ ਅਧੀਨ 31 ਮੁੱਖ ਰਾਗ ਹਨ ਅਤੇ 34 ਰਾਗ ਪ੍ਰਕਾਰ ਦਰਜ ਕੀਤੇ ਮਿਲਦੇ ਹਨ।[10] ਪ੍ਰਾਚੀਨ ਸੰਗੀਤ ਗ੍ਰੰਥਾਂ ਦੀ ਰਾਗ ਰਾਗਨੀ ਅਤੇ ਪੁੱਤਰ ਨੂੰਹ ਪੱਧਤੀ ਨੂੰ ਗੁਰਬਾਣੀ ਵਿਚ ਸਵੀਕਾਰ ਨਹੀਂ ਕੀਤਾ ਗਿਆ। ਆਧੁਨਿਕ ਸੰਗੀਤ-ਵਿਸ਼ੇਸ਼ਗਾਂ ਨੇ ਵੀ ਇਸ ਪੱਧਤੀ ਨੂੰ ਅਵਿਗਿਆਨਿਕ ਕਰਾਰ ਦਿੱਤਾ ਹੈ।[11] ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿਚ ਹਰੇਕ 'ਰਾਗ' ਨੂੰ ਸੰਪੂਰਨ ਰਾਗ ਦਾ ਦਰਜਾ ਦੇ ਕੇ ਸਨਮਾਨਿਤ ਅਤੇ ਸਤਿਕਾਰਿਤ ਕੀਤਾ ਗਿਆ ਹੈ। ਗੁਰਬਾਣੀ ਵਿਚ ਭਾਵੇਂ 'ਸਿਰੀ' ਰਾਗ ਨੂੰ 'ਰਾਗਾਂ' ਚੋਂ ਸਿਰੀ ਰਾਗ' ਹੈ। ਆਖ ਪ੍ਰਥਮਤਾ ਦਿੱਤੀ ਗਈ ਹੈ ਪਰ ਭਾਰਤੀ ਸੰਗੀਤ ਮਤਾਂ ਵਾਂਗ ਕਿਸੇ ਰਾਗ ਦੀ ਪ੍ਰਧਾਨਤਾ ਨਹੀਂ ਮੰਨੀ ਗਈ ਸਗੋਂ

ਧੰਨੁ ਸੁ ਰਾਗ ਸੁ ਰੰਗੜੇ ਆਲਾਪਤ ਸਭ ਤਿਖ ਜਾਇ ॥

ਜਾਂ ਸਭਨਾਂ ਰਾਗਾਂ ਵਿਚ ਸੋ ਭਲਾ ਭਾਈ ਜਿਤ ਵਸਿਆਂ ਮਨ ਆਇ[12] ਆਖਦਿਆਂ ਰਾਗ ਦੀ ਨਾਦਾਤਮਿਕ ਸੰਚਾਰ-ਸ਼ਕਤੀ ਪ੍ਰਵਾਨ ਕਰਦਿਆਂ ਕੇਵਲ ਉਨ੍ਹਾਂ ਰਾਗਾਂ ਨੂੰ ਹੀ ਉਤਮ ਮੰਨਿਆ ਹੈ ਜਿਨ੍ਹਾਂ ਦੇ ਗਾਯਨ ਨਾਲ ਪਾਰਬ੍ਰਹਮ ਪਰਮੇਸ਼ਵਰ ਦਾ ਨਾਮ ਹਿਰਦੇ ਵਿਚ ਵਸ ਜਾਵੇ।

ਬਾਣੀ ਦਾ ਰਾਗਤਮਿਕ ਪ੍ਰਬੰਧ 'ਸਿਰੀ' ਰਾਗ ਨਾਲ ਆਰੰਭ ਹੁੰਦਾ ਹੈ। 'ਰਾਗ ਚੰਦ੍ਰਿਕ' ਤੇ ਕੁਝ ਹੋਰ ਸੰਗੀਤ ਗ੍ਰੰਥਾਂ ਅਨੁਸਾਰ 'ਸਿਰੀ' ਰਾਗ ਦੇ ਗਾਉਣ ਦਾ ਸਮਾਂ ਸੂਰਜ ਅਸਤ ਹੋਣ ਉਪਰੰਤ ਹੈ। ਹਨੇਰੇ ਸਮੇਂ ਦੇ ਇਸ ਰਾਗ ਨੂੰ ਆਰੰਭ ਵਿਚ ਰੱਖਣ ਦਾ ਕਾਰਜ ਚਰਚਾ ਦਾ ਵਿਸ਼ਾ ਬਣਦਾ ਹੈ। ਇਸ ਪ੍ਰਬੰਧ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ :—

ੳ) ਪ੍ਰਭੂ ਭਗਤੀ ਤੇ ਕੀਰਤੀ ਆਰੰਭ ਤੋਂ ਪੂਰਵ ਮਾਨਵ-ਚੇਤਨਾ ਦੁਆਲੇ ਅਗਿਆਨ ਦਾ ਧੁੰਦਲਾਪਨ ਛਾਇਆ ਹੁੰਦਾ ਹੈ। ਹਨੇਰੇ ਸਮੇਂ ਦੇ ਇਸ ਰਾਗ ਦੀ ਸੰਚਾਰ-ਪ੍ਰਕ੍ਰਿਆ

ਦੁਆਰਾ ਸੰਚਰਿਤ ਬਾਣੀ ਸੰਦੇਸ਼ ਉਸ ਧੁੰਧਲੇਪਨ ਨੂੰ ਹਟਾ ਕੇ ਮਾਨਵ ਚੇਤਨਾ ਵਿਚ ਗਿਆਨ ਦੇ ਪ੍ਰਕਾਸ਼ ਨੂੰ ਪ੍ਰਵਾਹਿਤ ਕਰਦਾ ਹੈ। ਭਾਰਤੀ ਸੰਗੀਤ ਦੇ ਪ੍ਰਸਿੱਧ ਚਾਰ ਮਤਾਂ ਵਿਚੋਂ ਦੋ ਨੇ ਇਸ ਨੂੰ ਛੇ ਪ੍ਰਮੁੱਖ ਰਾਗਾਂ ਵਿਚੋਂ ਆਰੰਭ ਵਿਚ ਰੱਖਿਆ ਹੈ।[13]

ੲ) 'ਸਿਰੀ, ਰਾਗ, ਸੁਭਾਅ ਤੇ ਪ੍ਰਕ੍ਰਿਤੀ ਪਖੋਂ ਸੀਤਲ ਹੈ। ਇਸ ਸੰਗੀਤ-ਸੰਕੇਤਿਕ ਅੰਗ ਦਾ ਸੰਚਾਰ ਭਾਵ, ਸਾਧਕ ਦੇ ਹਿਰਦੇ ਵਿਚੋਂ ਰਾਜਸ ਤੇ ਤਾਮਸ ਗੁਣ ਦਬਾ ਕੇ ਸਾਤਵਿਕ ਗੁਣ ਉਭਾਰਤਾ ਹੈ।

ਸ) ਸੰਗੀਤ ਗ੍ਰੰਥਾਂ ਨੇ ਵੀ ਪ੍ਰਕ੍ਰਿਤੀ ਤੇ ਸੁਭਾਅ ਪਖੋਂ 'ਸਿਰੀ' ਰਾਗ ਦਾ ਸਮਾਂ ਕੜਾਕੇਦਾਰ ਸਰਦੀ ਅਤੇ ਤਪਦੀ ਗਰਮੀ ਨੂੰ ਮੰਨਿਆ ਹੈ। ਏਸੇ ਲਈ ਗੁਰੂ ਸਾਹਿਬਾਨ ਵਲੋਂ ਇਸ ਰਾਗ ਅਧੀਨ ਪ੍ਰਯੋਗ ਕੀਤੇ ਗਏ ਬਹੁਤੇ ਅਲੰਕਾਰ ਅੱਗ ਅਤੇ ਪਾਣੀ ਦੁਆਲੇ ਘੁੰਮਦੇ ਹਨ। ਬਾਣੀ ਪ੍ਰਬੰਧ ਸਮੇਂ ਅਲੰਕਾਰਾਂ ਦੀ ਇਹ ਜੜਤਕਾਰੀ, ਮਾਨਵ-ਮਨ ਦੀ ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਅਗਨੀ ਨੂੰ ਨਿਰਮਲ ਪ੍ਰੇਮ ਦੇ ਜਲ ਰਾਹੀਂ ਸ਼ਾਂਤ ਕਰਦੀ ਹੈ।

ਹ) ਗੁਰੂ ਸਾਹਿਬ ਨੇ ਇਸ ਰਾਗ ਅਧੀਨ ਕੀਤੇ ਬਾਣੀ-ਪ੍ਰਬੰਧ ਨੂੰ ਵੱਧ ਤੋਂ ਵੱਧ ਭਾਰਤੀ ਸਭਿਆਚਾਰ ਦੇ ਨੇੜੇ ਰੱਖਿਆ ਹੈ। ਇਸ ਪ੍ਰਬੰਧ-ਲਈ ਸ਼ਬਦ-ਚੋਣ, ਮੋਤੀ, ਮੰਦਰ, ਰਤਨ, ਲਾਲ, ਕਸਤੂਰ, ਕੁੰਗੂ, ਅਗਰ, ਚੰਦਨ, ਪਲੰਘ, ਧਰਤੀ ਹੀਰੇ, ਮੋਹਨੀ, ਮਣੀ ਆਦਿ ਨਿਰੋਲ ਭਾਰਤੀ ਜੀਵਨ ਵਿਚੋਂ ਕੀਤੀ ਗਈ ਹੈ।

ਉਪਰੋਕਤ ਕਾਰਨਾਂ ਅਧੀਨ ਹੀ 'ਸਿਰੀ' ਰਾਗ ਨੂੰ ਆਰੰਭ ਵਿਚ ਰੱਖਿਆ ਲੱਗਦਾ ਹੈ। ਉਂਝ ਵੀ ਜਦੋਂ ਕੋਈ ਸਿਸਟਮ ਮੌਲਿਕਤਾ ਦੇ ਵਸਤਰ ਧਾਰਨ ਕਰਦਾ ਹੈ ਤਾਂ ਉਹ ਪੂਰਵ ਸਥਾਪਿਤ ਧਾਰਨਾਵਾਂ ਦੀ ਨਦੀ ਪਾਰ ਕਰਦਿਆਂ ਉਨ੍ਹਾਂ ਦੇ ਕੁਝ ਅੰਸ਼ ਆਤਮ-ਸਾਤ ਕਰ ਲੈਂਦਾ ਹੈ। ਪੂਰਵ ਦ੍ਰਿਸ਼ਟੀਆਂ ਪ੍ਰਤੀ ਸੁਚੇਤ ਹੋ ਕੇ ਵੀ ਨਵੇਂ ਰਾਹ ਤਲਾਸ਼ੇ ਜਾਂਦੇ ਹਨ ਅਤੇ ਉਸ ਪੂਰਵ ਪਖ ਵਿਚੋਂ ਹੀ ਉਤਰ ਪੱਖ ਲਈ ਮਾਰਗ ਪਧਰਾ ਕੀਤਾ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਬਾਣੀ ਦੇ ਰਾਗ ਪ੍ਰਬੰਧ ਲਈ 'ਪ੍ਰਭਾਤੀ' ਰਾਗ ਨੂੰ ਅੰਤਮ ਸਥਾਨ ਦਿੱਤਾ। ਗੁਰੂ-ਗੱਦੀ ਤੇ ਸਥਾਪਿਤ ਗੁਰੂ ਗ੍ਰੰਥ ਸਾਹਿਬ ਵਿਚ ਅੰਤਮ ਰਾਗ ਜੈਜਾਵੰਤੀ ਹੈ ਜਿਸ ਵਿਚ ਕੇਵਲ ਨੌਵੇਂ ਗੁਰੂ ਜੀ ਦੀ ਰਚਨਾ ਦਰਜ ਹੈ। ਕੁਝ ਹੱਥ ਲਿਖਿਤ ਬੀੜਾਂ ਵਿਚ ਜੈਜਾਵੰਤੀ ਰਾਗ 12ਵੇਂ ਨੰਬਰ ਤੇ ਵੀ ਅੰਕਿਤ ਹੋਇਆ ਹੈ।[14] ਸਮੇਂ ਦੇ ਪਖ ਤੋਂ 'ਪ੍ਰਭਾਤੀ' ਰਾਗ ਅੰਮ੍ਰਿਤ ਵੇਲੇ ਗਾਉਣ ਦੀ ਹਿਦਾਇਤ ਅਤੇ ਪਰੰਪਰਾ ਹੈ। ਅੰਮ੍ਰਿਤ ਵੇਲਾ ਰਾਤ ਦੇ ਅੰਧਕਾਰ ਦੀ ਸਮਾਪਤੀ ਅਤੇ ਰੋਸ਼ਨੀ ਦੇ ਆਗਮਨ ਦਾ ਸੂਚਕ ਹੁੰਦਾ ਹੈ। ਰੋਸ਼ਨੀ ਦੀ ਆਮਦ ਪਸ਼ੂ ਪੰਛੀਆਂ ਨੂੰ ਚਹਿਚਹਾਣ ਲਾ ਦਿੰਦੀ ਹੈ ਅਤੇ ਮਾਨਵ-ਮਨ ਨੂੰ ਖੁਸ਼ੀ ਦੇ ਖੇੜੇ ਨਾਲ ਭਰ ਦਿੰਦੀ ਹੈ। 'ਸਿਰੀ' ਰਾਗ ਦੇ ਆਰੰਭ ਸਮੇਂ ਪ੍ਰਭੂ-ਮਿਲਾਪ ਲਈ ਅੰਧਕਾਰ ਵਿਚ ਤਾਂਘ ਰਿਹਾ ਮਾਨਵ ਬਾਣੀ ਦੇ ਵਿਚਲੇ ਬਾਕੀ ਰਾਗ ਪ੍ਰਬੰਧ ਦੀਆਂ ਪੌੜੀਆਂ ਦੇ ਡੰਡਿਆਂ ਤੇ ਚੜ੍ਹ ਕੇ 'ਪ੍ਰਭਾਤੀ' ਰਾਗ ਵਿਚ ਗਿਆਨ ਦੀ

ਰੋਸ਼ਨੀ ਪ੍ਰਾਪਤ ਕਰਦਾ ਹੈ। ਇਸ ਰਾਗ ਅਧੀਨ ਹੋਇਆ ਬਾਣੀ ਪ੍ਰਬੰਧ ਅਤੇ ਸੰਚਾਰ-ਪ੍ਰਕ੍ਰਿਆ ਅੰਮ੍ਰਿਤ ਵੇਲੇ ਦਾ ਵਾਯੂ ਮੰਡਲ ਪੈਦਾ ਕਰਕੇ ਗਿਆਨ ਪ੍ਰਕਾਸ਼ ਕਰਨ ਵਾਲੇ ਹਨ। ਸ਼ਬਦ-ਚੋਣ ਸਮੇਂ ਵੀ ਪ੍ਰਕਾਸ਼, ਗਿਆਨ, ਬਿਬੇਕ, ਮਤਿ, ਚਾਨਣ, ਸੁਜਾਨ, ਜੋਤਿ ਆਦਿ ਦਾ ਪ੍ਰਯੋਗ ਵਧੇਰੇ ਕੀਤਾ ਗਿਆ ਹੈ ਅਤੇ ਅਲੰਕਾਰ ਵੀ ਰਤਨ, ਜਵਾਹਰ ਮਾਣਕ, ਲਾਲ ਆਦਿ ਰੋਸ਼ਨੀ ਦੇਣ ਵਾਲੀਆਂ ਵਸਤਾਂ ਦੇ ਇਰਦ ਗਿਰਦ ਗੁੰਦੇ ਹੋਏ ਹਨ।

ਉਪਰੋਕਤ ਆਰੰਭਿਕ ਤੇ ਅੰਤਮ ਰਾਗਾਂ ਤੋਂ ਬਿਨ੍ਹਾਂ 63 ਹੋਰ ਰਾਗਾਂ ਦੀ ਬਾਣੀ ਦੇ ਸੰਚਾਰ ਭਾਵ ਨੂੰ ਪ੍ਰਕਾਸ਼ਨ ਲਈ ਚੋਣ ਕੀਤੀ ਗਈ ਹੈ। ਇਹ ਰਾਗ ਵੀ ਬਾਣੀ ਦੇ ਸੰਚਾਰ-ਭਾਵ ਅਤੇ ਪ੍ਰਕ੍ਰਿਤੀ ਅਨੁਕੂਲ ਸਵੀਕਾਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਰਾਗਾਂ ਦੀ ਸੰਚਾਰੀ-ਪ੍ਰਕ੍ਰਿਆ ਅਤੇ ਬਾਣੀ ਦੇ ਭਾਵ-ਪ੍ਰਕਾਸ਼ ਵਿਚ ਅਟੁੱਟ ਸਾਂਝ ਪ੍ਰਦਰਸ਼ਤ ਹੁੰਦੀ ਹੈ ਅਤੇ ਇਹ ਇਕ ਦੂਜੇ ਦੇ ਪੂਰਕ ਬਣ ਕਾਰਜਸ਼ੀਲ ਰਹਿੰਦੇ ਹਨ। ਸਮੁੱਚੇ ਤੌਰ ਤੇ ਇਨ੍ਹਾਂ ਰਾਗਾਂ ਦੇ ਬਾਣੀ ਪ੍ਰਬੰਧ ਦਾ ਹੇਠ ਲਿਖੇ ਅਨੁਸਾਰ ਵਰਗੀਕਰਣ ਕੀਤਾ ਜਾ ਸਕਦਾ ਹੈ :—

1) ਉਹ ਰਾਗ ਜੋ ਮਾਨਵ ਨੂੰ ਵਸਤੂ-ਸੰਸਾਰ ਨਾਲੋਂ ਤੋੜ ਕੇ ਪ੍ਰਭੂ-ਮੇਲ ਲਈ ਤਾਂਘ ਪੈਦਾ ਕਰਨ ਦੀ ਪਰਵਿਰਤੀ ਵਾਲੇ ਹਨ। ਇਨ੍ਹਾਂ ਵਿਚ ਸਿਰੀ, ਮਾਝ, ਗਾਉੜੀ, ਆਸਾ, ਗੁਜਰੀ, ਵਡਹੰਸ ਤੇ ਸੋਰਠਿ ਆਦਿ ਨੂੰ ਰੱਖਿਆ ਜਾ ਸਕਦਾ ਹੈ। ਇਨ੍ਹਾਂ ਦਾ ਸੰਚਾਰ-ਭਾਵ ਮਾਨਵ ਦੀ ਆਤਮਿਕ ਉਨਤੀ ਦਾ ਪਹਿਲਾ ਪੜਾਅ ਹੈ।

2) ਅਜੇਹੇ ਰਾਗ ਜੋ ਮਾਨਵ-ਮਨ ਵਿਚ ਆਤਮਿਕ ਸੋਝੀ ਪੈਦਾ ਕਰਕੇ ਪ੍ਰਭੂ-ਮੇਲ ਲਈ ਨੇੜਤਾ ਦਾ ਕਾਰਜ ਕਰਨ। ਇਸ ਖੇਤਰ ਵਿਚ ਬਿਲਾਵਲ ਤੇ ਰਾਮਕਲੀ ਰਾਗ ਦੀ ਵਿਸ਼ੇਸ਼ ਭੂਮਿਕਾ ਹੈ।

3) ਅਜੇਹੇ ਰਾਗ ਜੋ ਪ੍ਰਭੂ-ਮੇਲ ਲਈ ਤਾਂਘ ਅਤੇ ਮਿਲਾਪ ਲਈ ਬਿਹਬਲਤਾ ਪੈਦਾ ਕਰ-ਦਿਆਂ, ਮੇਲ ਹੋ ਜਾਣ ਤੇ ਖੁਸ਼ੀ ਦਾ ਪ੍ਰਗਟਾਉ ਕਰਨ ਵਾਲੇ ਹਨ। ਇਸ ਦੇ ਅੰਤਰ-ਗਤ ਤੁਖਾਰੀ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਆਦਿ ਨੂੰ ਰੱਖਿਆ ਜਾ ਸਕਦਾ ਹੈ। ਇਹ ਰਾਗ ਮਾਨਵ-ਮਨ ਮੰਦਰ ਵਿਚ ਸਹਿਜ ਅਤੇ ਆਤਮਿਕ ਅਨੰਦ ਦਾ ਬੋਧ ਕਰਾਉਂਦੇ ਹਨ।

4) ਅਜੇਹੇ ਰਾਗ ਜੋ ਜੀਵਨ ਦੇ ਵਿਵਹਾਰਕ ਪਹਿਲੂਆਂ ਨੂੰ ਅਧਿਆਤਮਿਕ ਖੇਤਰ ਨਾਲ ਜੋੜਨ ਦਾ ਕਾਰਜ ਕਰਦੇ ਹਨ। ਜਿਵੇਂ ਅਲਾਹੁਣੀਆਂ ਤੇ ਘੋੜੀਆਂ ਲਈ ਵਡਹੰਸ, ਲਾਵਾਂ, ਕੁਚਜੀ, ਸੁਚਜੀ ਅਤੇ ਹੋਰ ਮੰਗਲਮਈ ਕਾਰਜਾਂ ਲਈ ਸੂਹੀ ਅਤੇ ਸੋਹਲਿਆਂ ਲਈ ਮਾਰੂ ਰਾਗ ਦੀ ਵਿਸ਼ੇਸ਼ ਭੂਮਿਕਾ ਹੈ।

5) ਅਜੇਹੇ ਰਾਗ ਜੋ ਵਿਸ਼ੇਸ਼ ਸੰਪ੍ਰਦਾਈ ਸਾਧੂ-ਜਨਾਂ ਲਈ ਸੰਵਾਦ ਰਚਾਉਣ ਸਮੇਂ ਵਰਤੇ ਗਏ ਹਨ। ਗੁਰੂ ਜੀ ਨੇ ਏਥੇ ਰਾਗ-ਚੋਣ ਕਰਨ ਸਮੇਂ ਸੰਬੰਧਿਤ ਸਾਧੂ-ਮੰਡਲੀ ਦੀ ਮਾਨਸਿਕਤਾ ਅਤੇ ਬੌਧਿਕਤਾ ਨੂੰ ਸੁਚੇਤ ਰੂਪ ਵਿਚ ਧਿਆਨ-ਗੋਚਰ ਰੱਖਦਿਆਂ ਆਪਣੇ ਭਾਵ-ਸੰਚਾਰ ਲਈ ਉਨ੍ਹਾਂ ਦਾ ਹੀ ਮਨਭਾਉਂਦਾ ਰਾਗ ਚੁਣਿਆ। ਜਿਵੇਂ ਸਿੱਧ ਗੋਸਟਿ ਲਈ ਰਾਮਕਲੀ ਰਾਗ। ਇਹ ਜੋਗੀਆਂ ਦਾ ਪ੍ਰਿਯ ਰਾਗ ਹੈ। ਜੋਗੀਆਂ

ਦੀ ਸਾਧੂ-ਮੰਡਲੀ ਜਿੱਥੇ ਆਧਣੀਆਂ ਕਰਾਮਾਤੀ ਸ਼ਕਤੀਆਂ ਦੀ ਜੁਗਤ ਲਈ ਪ੍ਰਸਿਧ ਸੀ ਉੱਥੇ ਸਿੰਗੀ ਅਤੇ ਵੀਣਾ ਦੀ ਮਿੱਠੀ ਸੁਰ ਦੇ ਸੰਚਾਰ-ਜੁਗਤ ਰਾਹੀਂ ਆਪਣੀ ਸੁਰਤ ਨੂੰ ਇਕ ਸੁਰ ਕਿਰਿਆ ਕਰਦੇ ਸੀ।

ਇਸ ਤਰ੍ਹਾਂ ਗੁਰਬਾਣੀ ਦੇ ਇਹ ਰਾਗ ਸੰਕੇਤ ਪੂਰਵ ਸਥਾਪਿਤ ਪਰੰਪਰਾ ਦਾ ਚਰਬਾ ਨਹੀਂ ਹਨ ਸਗੋਂ ਆਪਣੇ ਵਿਲੱਖਣ ਭਾਵ-ਪ੍ਰਕਾਸ਼ ਤੇ ਪ੍ਰਕ੍ਰਿਆ ਕਾਰਨ ਮੌਲਿਕਤਾ ਅਤੇ ਵਿਗਿਆਨਕ ਪੱਧਰ ਨੂੰ ਜਾ ਪੁੱਜਦੇ ਹਨ। ਇਨ੍ਹਾਂ ਰਾਗਾਂ ਦੀ ਸੰਚਾਰ ਪ੍ਰਕ੍ਰਿਆ, ਸਮਰੱਥਾ ਅਤੇ ਵਿਸਤਾਰ, ਬਾਣੀ ਦੇ ਗਹਿਰ ਗੰਭੀਰ ਅੰਤ੍ਰੀਵ ਭਾਵਾਂ ਨੂੰ ਪ੍ਰਕਾਸ਼ਨ ਵਿਚ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਦ੍ਰਿੜ ਕਰਾਉਣ ਹਿਤ ਸਹਾਇਤਾ ਕਰਦੇ ਹਨ। ਤਰਕ ਦ੍ਰਿਸ਼ਟੀ ਤੋਂ ਵੀ ਇਹ ਤੱਥ ਪ੍ਰਵਾਨਿਤ ਹੈ ਕਿ ਸੁਰ ਤੇ ਲੈ ਵਿਚ ਉਚਾਰੀ ਬਾਣੀ ਚਿਰਕਾਲ ਮਾਨਵ ਚੇਤਨਾ ਨੂੰ ਟੁੰਬ ਕੇ ਉਸਦੀਆਂ ਧੁਰ ਅੰਦਰਲੀਆਂ ਤਾਰਾਂ ਨੂੰ ਸੁਰ ਕਰਨ ਦੇ ਸਮਰੱਥ ਹੁੰਦੀ ਹੈ।

ਗੁਰਬਾਣੀ ਦਾ ਦੂਜਾ ਮਹੱਤਾ ਪੂਰਨ ਸੰਗੀਤ-ਸੰਕੇਤ ਮਹਲਾ 1,2,3,4,5,9 ਅਤੇ ਭਗਤਾਂ ਦੇ ਨਾਮ ਹਨ। ਇਹ ਸੰਗੀਤ-ਸੰਕੇਤ ਬਾਣੀਕਾਰ ਦੀ ਵਿਲੱਖਣ ਸ਼ਖ਼ਸੀਅਤ ਨੂੰ ਮਾਨਵ-ਚਿੰਤਨ ਵਿਚ ਉਭਾਰਨ ਦਾ ਕਾਰਜ ਕਰਦੇ ਹਨ। (ਚਲਦਾ)

---

## ਟੂਕਾਂ ਤੇ ਹਵਾਲੇ


2. ਵਿਮਲ ਕਾਂਤ ਰਾਏ ਚੌਧਰੀ, ਭਾਰਤੀ ਸੰਗੀਤ ਕੋਸ਼, ਭਾਰਤੀ ਜਨ ਪੀਠ ਪ੍ਰਕਾਸ਼ਨ, ਨਵੀਂ ਦਿੱਲੀ, 1975.
5. ਬ੍ਰਹਤ ਹਿੰਦੀ ਕੋਸ਼, ਕਾਲਕਾ ਪ੍ਰਸਾਦ (ਸੰਪਾ.) ਗਿਆਨ ਮੰਡਲ, ਹਾਥ ਰਸ, ਸੰ: 2030, ਪੰਨਾ 95.
6. ਭਰਤੀ ਮੁਨੀ, ਅਧਿਆਇ 28, ਸਲੋਕ 41-64
7. ਮਤੰਗ ਮੁਨੀ, ਬ੍ਰਹਦ ਦੇਸੀ, ਬਾਲ ਕ੍ਰਿਸ਼ਨ ਗਰਗ (ਸੰਪਾ.), ਸੰਗੀਤ ਕਾਰਯਾਲਯ, ਹਾਥਰਸ 1976, ਸਲੋਕ 279
8. ਸਾਰੰਗ ਦੇਵ, ਪੰਡਤ, ਸੰਗੀਤ ਰਤਨਾਕਰ (ਭਾਗ ਦੂਜਾ), ਲਕਸ਼ਮੀ ਨਰਾਯਣ ਗਰਗ (ਅਨੁ.) ਸੰਗੀਤ ਕਾਰਯਾਲਯ, ਹਾਥਰਸ 1975, ਸਲੋਕ 2
9. ਰਿਪੋਰਟ ਸੰਗੀਤ ਸੰਮੇਲਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ, ਪੰਜਾਬੀ ਯੂਨੀਵਰਸਿਟੀ ਪਟਿਆਲਾ 1968, ਪੰਨਾ 19
10. ਅੰਮ੍ਰਿਤਪਾਲ ਕੌਰ, ਗਰਬਾਣੀ ਅਧਿਐਨ ਪ੍ਰਣਾਲੀਆਂ ਨਵ ਪਰਿਪੇਖ, ਨਿਸ਼ਾਂਤ ਪ੍ਰਕਾਸ਼ਨ, ਫਰੀਦਾਬਾਦ 1990, ਪੰਨਾ 31-33
11. ਵਿਸ਼ਨੂੰ ਨਰਾਯਣ, ਭਾਤਖੰਡੇ, ਵਾਦਨ ਕਲਾ, ਪੰ. 302 ਵਿੱਚੋਂ ਉਧਰਿਤ।
12. ਗੁਰੂ ਗ੍ਰੰਥ, ਪੰਨੇ 958, 1433
13. ਸੋਮੇਸ਼ਵਰ ਅਤੇ ਕਾਲੀ ਨਾਥ ਮੱਤ।
14. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਦੁਰਲੱਭ ਹੱਥ ਲਿਖਤਾਂ ਦੇ ਭਾਗ ਵਿਚ ਸੁਰੱਖਿਅਤ 34 ਹੱਥ ਲਿਖਿਤ ਬੀੜਾਂ।

ਗੁਰਮਤਿ ਸਿਧਾਂਤ :—

# "ਕਿਵ ਕੂੜੈ ਤੁਟੈ ਪਾਲਿ"

—ਪ੍ਰੋ: ਸਾਹਿਬ ਸਿੰਘ

## ਹਰ ਵੇਲੇ ਦੀ ਸਾਂਝ

ਹਰੇਕ ਪ੍ਰਾਣੀ ਦਾ ਇਹ ਜੀਵਨ-ਤਜਰਬਾ ਹੈ ਕਿ ਜਿਸ ਚੀਜ਼ ਨਾਲ ਦਿਨ ਰਾਤ ਹਰ ਵੇਲੇ ਵਾਹ ਪੈਂਦਾ ਰਹੇ, ਉਹ ਚੀਜ਼ ਪਿਆਰੀ ਲੱਗਣ ਲੱਗ ਪੈਂਦੀ ਹੈ। ਜਨਮ ਸਮੇਂ ਤੋਂ ਹੀ, ਪਹਿਲਾਂ ਜੀਵ ਨੂੰ ਮਾਂ ਦੇ ਦੁੱਧ ਨਾਲ, ਫਿਰ ਮਾਂ ਪਿਉ ਨਾਲ, ਫਿਰ ਭੈਣਾਂ ਭਰਾਵਾਂ ਨਾਲ ਹਰ ਵੇਲੇ ਵਾਹ ਪੈਂਦਾ ਹੈ ਤੇ ਉਹਨਾਂ ਨਾਲ ਉਸ ਦਾ ਮੋਹ-ਪਿਆਰ ਬਣਦਾ ਜਾਂਦਾ ਹੈ। ਜਿਉਂ ਜਿਉਂ ਜੀਵ ਵਡੇਰੀ ਉਮਰ ਦਾ ਹੁੰਦਾ ਜਾਂਦਾ ਹੈ, ਤਿਉਂ ਤਿਉਂ ਦਿੱਸਦੇ ਸੰਸਾਰ ਦੇ ਹੋਰ ਪਦਾਰਥ ਵਰਤਣੇ ਸ਼ੁਰੂ ਕਰਦਾ ਹੈ। ਸਾਕਾਂ-ਅੰਗਾਂ ਨਾਲ, ਘਰ ਨਾਲ, ਧਨ-ਪਦਾਰਥ ਨਾਲ ਇਸ ਦੀ ਅਪਣੱਤ ਵਧਦੀ ਜਾਂਦੀ ਹੈ। ਇਹ ਮੇਰੇ ਮਾਪੇ ਹਨ, ਅਹੁ ਕੋਈ ਹੋਰ ਹਨ; ਇਹ ਮੇਰੇ ਭੈਣ ਭਰਾ ਹਨ, ਅਹੁ ਕੋਈ ਹੋਰ ਹਨ; ਇਹ ਸਾਡਾ ਘਰ ਹੈ, ਅਹੁ ਕਿਸੇ ਹੋਰ ਦਾ ਹੈ - ਇਸ ਤਰ੍ਹਾਂ ਸਹਜੇ ਸਹਜੇ ਜੀਵ ਦੇ ਮਨ ਵਿਚ ਮੇਰ-ਤੇਰ ਤੇ ਵਿਤਕਰਾ ਭੀ ਬਣਨ ਲੱਗ ਪੈਂਦਾ ਹੈ। ਇਸ ਦੇ ਨਾਲ ਨਾਲ ਹੀ ਹੋਰ ਸਭਨਾਂ ਦੇ ਮੋਹ-ਪਿਆਰ ਨਾਲੋਂ ਅ ਪਣੇ ਸਰੀਰ ਦਾ ਮੋਹ-ਪਿਆਰ ਜੀਵ ਦੇ ਅੰਦਰ ਵਧੀਕ ਪ੍ਰਬਲ ਹੁੰਦਾ ਜਾਂਦਾ ਹੈ।

## ਇਸ ਅਪਣੱਤ ਦਾ ਨਤੀਜਾ

ਛੋਟੇ ਬਾਲਾਂ ਵਲ ਹੀ ਤੱਕੋ ! ਸਰੀਰਕ ਅਪਣੱਤ ਦੇ ਕਾਰਨ ਹੀ ਬਾਲ ਆਪਣੇ ਛੋਟੇ ਤੇ ਕਮਜ਼ੋਰ ਭੈਣ ਭਰਾਵਾਂ ਤੋਂ ਭੀ ਕੋਈ ਖਾਣ ਵਾਲੀ ਚੀਜ਼ ਖੋਹ ਕੇ ਆਪ ਖਾ ਲੈਂਦਾ ਹੈ, ਕਈ ਵਾਰੀ ਉਹਨਾਂ ਨੂੰ ਧੌਲ-ਧੱਪਾ ਕਰ ਕੇ ਭੀ ਖੁਸ਼ ਹੁੰਦਾ ਹੈ। ਸਹਜੇ ਸਹਜੇ ਇਹ ਵਾਦੀ ਪੱਕਦੀ ਜਾਂਦੀ ਹੈ ਤੇ ਵਧਦੀ ਜਾਂਦੀ ਹੈ। ਹੋਰ ਕਮਜ਼ੋਰ ਹਾਣੀਆਂ ਨਾਲ ਭੀ ਇਹੀ ਸਲੂਕ ਸ਼ੁਰੂ ਕਰ ਦੇਂਦਾ ਹੈ, ਤੇ ਇਸ ਵਿਚ ਉਸ ਨੂੰ ਕੋਈ ਭੈੜ ਨਹੀਂ ਜਾਪਦਾ।

ਜਿਉਂ ਜਿਉਂ ਮਨੁੱਖ ਸਿਆਣੀ ਉਮਰ ਦਾ ਹੁੰਦਾ ਜਾਂਦਾ ਹੈ, ਇਹ ਸਰੀਰਕ ਅਪਣੱਤ; ਆਪਣਿਆਂ ਨਾਲ ਮੋਹ ਪਿਆਰ, ਆਪਣੇ ਘਰ ਦਾ ਮੋਹ, ਆਪਣੀ ਜਾਇਦਾਦ ਦੀ ਖਿੱਚ-ਇਹ ਸਭ ਕੁਝ ਉਸ ਦੇ ਮਨ ਵਿਚ ਜ਼ੋਰ ਪਾਈ ਜਾਂਦਾ ਹੈ, ਤੇ ਇਸ ਦੀ ਖ਼ਾਤਰ ਹੀ ਦਿਨ ਰਾਤ ਦੌੜ-ਭੱਜ ਕਰਦੇ ਰਹਿਣਾ ਉਸ ਦੀ ਜ਼ਿੰਦਗੀ ਦਾ ਨਿਸ਼ਾਨਾ ਬਣਿਆ ਰਹਿੰਦਾ ਹੈ।

## ਅਣ ਦਿੱਸਦੇ ਨਾਲ ਸਾਂਝ ਕਿਵੇਂ ਬਣੇ !

ਜਿਸ ਕਰਤਾਰ ਨੇ ਇਹ ਦੁਨੀਆਂ ਰਚੀ ਹੋਈ ਹੈ, ਉਹ ਇਹਨਾਂ ਅੱਖਾਂ ਨਾਲ ਮਨੁੱਖ ਨੂੰ ਦਿੱਸਦਾ ਨਹੀਂ। ਦਿੱਸਦਾ ਹੈ ਇਹ ਜਗਤ, ਦਿੱਸਦਾ ਹੈ ਇਹ ਘਰ-ਘਾਟ; ਇਹ ਧਨ

ਪਦਾਰਥ। ਸੋ, ਕੁਦਰਤੀ ਤੌਰ ਤੇ ਇਸੇ ਨਾਲ ਹੀ ਮਨੁੱਖ ਦਾ ਪਿਆਰ ਬਣ ਸਕਦਾ ਹੈ ਤੇ ਬਣਦਾ ਰਹਿੰਦਾ ਹੈ ਇਸ ਦਿੱਸਦੇ ਨਾਲ ਹੀ ਮਨੁੱਖ ਇਕ-ਮਿਕ ਹੋਈ ਜਾਂਦਾ ਹੈ। ਹੋਰ ਕਰ ਭੀ ਕੀਹ ਸਕਦਾ ਹੈ? ਜਦੋਂ ਕਦੇ ਆਪਣੇ ਕਿਸੇ ਅੱਤ ਪਿਆਰੇ ਨੂੰ ਮੌਤ ਖੋਹ ਲੈ ਜਾਂਦੀ ਹੈ, ਜਦੋਂ ਕਦੇ ਦਿਨ ਰਾਤ ਦੀ ਮਿਹਨਤ ਨਾਲ ਜੋੜਿਆ ਹੋਇਆ ਧਨ ਕਿਸੇ ਕਾਰਨ ਖੁੱਸ ਜਾਂਦਾ ਹੈ, ਤਦੋਂ ਠੇਡਾ ਤਾਂ ਤਕੜਾ ਵੱਜਦਾ ਹੈ, ਪਰ ਫਿਰ ਉਸੇ ਦੌੜ-ਭੱਜ ਵਿਚ ਰੁੱਝ ਜਾਂਦਾ ਹੈ। ਹੋਰ ਕਰੇ ਭੀ ਕੀਹ? ਦਿੱਸਦਾ ਜੁ ਇਹੋ ਕੁਝ ਹੋਇਆ। ਅਣ-ਦਿੱਸਦਾ ਇਸ ਦੇ ਮਨ ਤੋ ਕਿਤੇ ਦੂਰ ਹੀ ਟਿਕਿਆ ਰਹਿੰਦਾ ਹੈ। ਅਣ-ਦਿੱਸਦੇ ਨਾਲੋਂ ਵਿਥ ਦਿਨੋ-ਦਿਨ ਵਧਦੀ ਜਾਂਦੀ ਹੈ।

## ਜੀਵਨ ਦਾ ਸਹਾਰਾ

ਵੇਖੋ ਪਸ਼ੂ ਪੰਛੀਆਂ ਵਲ! ਧਰਤੀ ਉਤੇ ਉੱਗਾ ਹੋਇਆ ਘਾਹ-ਬੂਟ ਬਥੇਰਾ ਹੈ, ਇਹਨਾਂ ਦੇ ਸਰੀਰ ਦੀ ਪਾਲਣਾ ਵਾਸਤੇ। ਇਹ ਮਨੁੱਖ ਹੀ ਹੈ ਜਿਸ ਨੂੰ ਆਪਣੇ ਸਰੀਰ ਦੀ ਪਰਵਰਿਸ਼ ਵਾਸਤੇ ਅੰਨ-ਧਨ ਪੈਦਾ ਕਰਨ ਲਈ ਦਿਨ ਰਾਤ ਮਿਹਨਤ ਕਰਨੀ ਪੈਂਦੀ ਹੈ। ਹਰ ਵੇਲੇ ਸਿਰਫ਼ ਸਰੀਰ ਨਾਲ ਵਾਹ ਪੈਣ ਕਰਕੇ ਮਨੁੱਖ ਨੂੰ ਸਿਰਫ ਸਰੀਰ ਹੀ ਆਪਣਾ ਆਪਾ ਜਾਪਦਾ ਹੈ, ਇਸੇ ਨੂੰ ਪਾਲਦੇ ਰਹਿਣਾ ਹੀ ਇਸ ਦੀ ਜ਼ਿੰਦਗੀ ਦਾ ਨਿਸ਼ਾਨਾ ਬਣਿਆ ਰਹਿੰਦਾ ਹੈ।

ਮਨੁੱਖ ਨਿੱਤ ਇਹ ਭੀ ਵੇਖਦਾ ਹੈ ਕਿ ਅੰਨ ਧਨ ਦੀ ਘਾਟ ਦੇ ਕਾਰਨ ਅਨੇਕਾਂ ਬੰਦੇ ਰੁਲ ਰੁਲ ਕੇ ਮਰ ਜਾਂਦੇ ਹਨ। ਸੋ; ਅੰਨ ਧਨ ਹੀ ਮਨੁੱਖ ਦੇ ਜੀਵਨ ਦਾ ਸਹਾਰਾ ਬਣ ਜਾਂਦਾ ਹੈ।

## ਇਸ ਤੋਂ ਉਕਾਈਆਂ

ਮੇਰ ਤੇਰ, ਆਪਣੇ ਪਰਾਏ ਦੀ ਸੂਝ—ਇਹੋ ਜਿਹੇ ਸੰਸਕਾਰ ਤਾਂ ਛੋਟੀ ਉਮਰ ਤੋਂ ਹੀ ਜੀਵ ਦੇ ਮਨ ਵਿਚ ਵਧਣੇ ਸ਼ੁਰੂ ਹੋ ਜਾਂਦੇ ਹਨ। ਇਸ ਦਾ ਅਸਰ ਪੈਣ ਲੱਗ ਪੈਂਦਾ ਹੈ, ਅੰਨ ਧਨ ਦੀ ਕਮਾਈ ਉਤੇ। ਕਿਨ੍ਹਾਂ ਤਰੀਕਿਆਂ ਨਾਲ ਕਮਾਇਆ ਜਾਏ—ਇਹ ਗੱਲ ਸੋਚਣ ਦੀ ਲੋੜ ਹੀ ਨਹੀਂ ਜਾਪਦੀ। ਜਿਤਨਾ ਵਧੀਕ ਕਮਾਉ, ਉਤਨਾ ਹੀ ਵਧ ਕਾਮਯਾਬ ਮਨੁੱਖ ਦਾ ਜੀਵਨ। ਸੋ, ਕੀਹ ਹੁੰਦਾ ਹੈ? ਕੀਹ ਹੋ ਰਿਹਾ ਹੈ? ਪਰਾਇਆ ਹੱਕ ਖੋਹ ਸਕਣਾ—ਇਹ ਮਨੁੱਖ ਦੀ ਸਿਆਣਪ ਤੇ ਅਕਲਮੰਦੀ ਸਮਝੀ ਜਾਣ ਲੱਗ ਪਈ ਤੇ ਸਮਝੀ ਜਾ ਰਹੀ ਹੈ।

## ਪਰਾਏ ਹੱਕ ਤੋਂ ਅਨੇਕਾਂ ਮਾਨਸਿਕ ਰੋਗ

ਜਦੋਂ ਧਨ ਕਮਾਣਾ ਹੀ ਜੀਵਨ ਦਾ ਨਿਸ਼ਾਨਾ ਬਣ ਜਾਏ; ਜਦੋਂ ਮਨੁੱਖ ਜਿਤਨਾ ਹੀ ਧਨਾਢ ਉਤਨਾ ਹੀ ਕਾਮਯਾਬ ਸਮਝਿਆ ਜਾਣ ਲੱਗ ਪਏ; ਤਦੋਂ ਕੁਦਰਤੀ ਤੌਰ ਤੇ ਇਹ ਨਤੀਜਾ ਨਿਕਲਦਾ ਹੈ ਕਿ ਧਨ ਕਮਾਣ ਦੇ ਕੋਝੇ ਢੰਗ ਮਨੁੱਖ ਦੇ ਮਨ ਉਤੇ ਆਪਣਾ ਜ਼ੋਰ ਪਾ ਲੈਂਦੇ ਹਨ। ਮਨੁੱਖ ਅਨਪੜ੍ਹ ਹੋਣ ਚਾਹੇ ਪੜ੍ਹੇ ਹੋਏ, ਮਾਇਆ ਜੋੜਨ ਦਾ ਗਲਤ ਰਸਤਾ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਜੇ ਅਨਪੜ੍ਹਾਂ ਵਿਚ ਡਾਕੇ ਠੱਗੀ ਖੋਹਾ-ਖੋਹੀ

ਆਦਿਕ ਤਰੀਕੇ ਚਲ ਪੈਂਦੇ ਹਨ, ਤਾਂ ਪੜ੍ਹੇ ਹੋਏ ਬੰਦੇ ਰਿਸ਼ਵਤ ਆਦਿਕ ਦਾ ਸ਼ਿਕਾਰ ਹੋ ਜਾਂਦੇ ਹਨ।

ਜਗਤ ਵਿਚ ਕੀਹ ਵੇਖ ਰਹੇ ਹਾਂ ? ਗੁਆਂਢੀ ਦੀ ਤਰੱਕੀ ਵੇਖ ਕੇ ਸਾੜਾ, ਗੁਆਂਢੀ ਨੂੰ ਨੁਕਸਾਨ ਅਪੜਾਣ ਲਈ ਉਸ ਦੀ ਨਿੰਦਾ-ਚੁਗਲੀ, ਲਾਲਚ ਦਾ ਹੜ, ਵੈਰ-ਵਿਰੋਧ, ਕਰੋਧ ਤੇ ਨਫਰਤ, ਪਰਾਇਆ ਰੂਪ ਤੱਕ ਕੇ ਉਸ ਵਲ ਭੈੜੀ ਨਿਗਾਹ, ਮੈਂ ਵੱਡਾ ਹਾਂ, ਮੈਂ ਸਿਆਣਾ ਹਾਂ, ਦੁਨੀਆਂ ਸਭ ਤੋਂ ਵਧੀਕ ਮੇਰਾ ਆਦਰ-ਮਾਣ ਕਰੇ—ਇਹੋ ਜਿਹਾ ਅਫਰੇਵਾਂ ਤੇ ਅਹੰਕਾਰ। ਗੱਲ ਕੀਹ, ਚੁਫੇਰੇ ਵਿਕਾਰਾਂ ਦੇ ਭਾਂਬੜ ਬਲ ਰਹੇ ਹਨ। ਕੋਈ ਘਰ ਵੇਖੋ, ਕੋਈ ਪਿੰਡ ਵੇਖੋ ਕੋਈ ਸ਼ਹਿਰ ਵੇਖੋ ਘਰ ਘਰ ਇਹੀ ਅੱਗ ਹੈ, ਹਰੇਕ ਹਿਰਦਾ ਅਨੇਕਾਂ ਰੋਗਾਂ ਨਾਲ ਤਪਿਆ ਪਿਆ ਹੈ ?

## ਇਸ ਸੜਨ ਤੋਂ ਕੌਣ ਬਚਾਂਦਾ ਹੈ।

ਇਸ ਸੜਨ ਤੋਂ ਉਹੀ ਬਚਾ ਸਕਦਾ ਹੈ ਜੋ ਆਪ ਇਸ ਸੜਨ ਤੋਂ ਬਚਿਆ ਹੋਇਆ ਹੈ; ਉਹੀ ਬਚ ਸਕਦਾ ਹੈ ਜੋ ਆਪ ਦੁਨੀਆਂ ਦੀ ਕਿਰਤਕਾਰ ਕਰਦਾ ਹੋਇਆ ਭੀ ਸੁਚੱਜਾ ਕਮਾਊ ਹੈ; ਉਹੀ ਬਚ ਸਕਦਾ ਹੈ ਜੋ ਆਪ ਗ੍ਰਿਹਸਤੀ ਹੁੰਦਾ ਹੋਇਆ ਭੀ ਸੁਚੱਜਾ ਗ੍ਰਿਹਸਤੀ ਹੈ। ਡੁੱਬ ਰਹੇ ਨੇ ਡੁੱਬਦਿਆਂ ਨੂੰ ਕੀਹ ਬਚਾਣਾ ਹੋਇਆ ? ਤੇ, ਦੁਨੀਆਂ-ਦਾਰ ਤੋਂ ਅਟੰਕ ਨਿਵੇਕਲਾ ਕਿਸੇ ਜੰਗਲ ਦੇ ਗੋਸ਼ੇ ਵਿਚ, ਕਿਸੇ ਪਹਾੜ ਦੀ ਗੁਫਾ ਵਿਚ, ਬੈਠਾ ਭੀ ਕੀਹ ਜਾਣੇ ਦੁਨੀਆਂਦਾਰਾਂ ਦੀਆਂ ਮਾਨਸਕ ਔਕੜਾਂ ਨੂੰ ? ਜੇ ਦੁਨੀਆਂ ਦੇ ਸਾਰੇ ਹੀ ਲੋਕ ਕਿਰਤ-ਕਾਰ ਛੱਡ ਕੇ ਨਿਵੇਕਲੇ ਹੋ ਬੈਠਣ ਤਾਂ ਰੋਟੀਆਂ ਰੁੱਖਾਂ ਨੂੰ ਤਾਂ ਲੱਗ ਨਹੀਂ ਜਾਣੀਆਂ, ਤੇ ਰੋਟੀ ਤੋਂ ਬਿਨਾਂ ਢਿੱਡ ਦਾ ਝੁਲਕਾ ਸ਼ਾਂਤ ਨਹੀਂ ਹੋ ਸਕਦਾ।

ਸੋ, ਕੌਣ ਹੈ ਉਹ ਬਚਾਣ ਵਾਲਾ ? ਗੁਰਸਿੱਖਾਂ ਵਾਲੀ ਬੋਲੀ ਵਿਚ ਅਸੀਂ ਉਸ ਨੂੰ 'ਗੁਰੂ, ਆਖਦੇ ਹਾਂ ਜੋ ਗ੍ਰਿਹਸਤੀ ਹੁੰਦਾ ਹੋਇਆ ਗ੍ਰਿਹਸਤੀਆਂ ਦੀਆਂ ਔਕੜਾਂ ਜਾਣਦਾ ਹੋਇਆ ਸੁਚੱਜਾ ਜੀਵਨ-ਰਾਹ ਦੱਸਦਾ ਹੈ।

## ਸਿੱਧੀ-ਪੱਧਰੀ ਗੱਲ

ਵਗਦੇ ਦਰਿਆ ਦਾ ਕੁਝ ਪਾਣੀ ਹੜਾਂ ਦੇ ਦਿਨਾਂ ਵਿਚ ਉਛਲ ਕੇ ਕੰਢਿਆਂ ਤੋਂ ਲਾਂਭੇ ਕਿਸੇ ਛੱਪੜ ਟੋਏ ਵਿਚ ਜਾ ਪਾਏ, ਦਰਿਆ ਨਾਲੋਂ ਉਸ ਦਾ ਸੰਬੰਧ ਟੁੱਟ ਜਾਏ, ਤਾਂ ਦਿਨ ਪਾ ਕੇ ਉਸ ਵਿਚ ਕੀੜੇ ਪੈ ਜਾਂਦੇ ਹਨ, ਉਸ ਦਾ ਕੰਮ ਖਰਾਬ ਹੋ ਜਾਂਦਾ ਹੈ, ਉਸ ਵਿਚ ਬੋ ਪੈ ਜਾਂਦੀ ਹੈ।

ਸਿਰਜਣਹਾਰ ਕਰਤਾਰ ਜ਼ਿੰਦਗੀ ਦਾ ਦਰਿਆ ਹੈ, ਸਾਰੇ ਜੀਵ ਉਸ ਦਰਿਆ ਦੀਆਂ ਲਹਿਰਾਂ ਹਨ। ਜਿਤਨਾ ਚਿਰ ਇਹ ਲਹਿਰਾਂ ਦਰਿਆ ਦੇ ਅੰਦਰ ਹਨ, ਇਹਨਾਂ ਦੀ ਜ਼ਿੰਦਗੀ ਦਾ ਪਾਣੀ ਸੁਅੱਛ ਹੈ। ਜਦੋਂ ਨਿਰੀ ਮਾਇਆ ਕਮਾਣ ਦੇ ਟੋਏ ਵਿਚ ਪੈ ਕੇ ਇਹ ਜੀਵ-ਲਹਿਰਾਂ ਦਰਿਆ-ਪ੍ਰਭੂ ਨਾਲੋਂ ਵੱਖ ਹੋ ਜਾਂਦੀਆਂ ਹਨ, ਤਾਂ ਇਹਨਾਂ ਵਿਚ ਅਨੇਕਾਂ ਹੀ ਆਤਮਕ ਮਾਨਸਕ ਰੋਗਾਂ ਦੀ ਬੋ ਪੈਦਾ ਹੋ ਜਾਂਦੀ ਹੈ।

ਬੱਸ ! ਇਹੀ ਹੈ ਭੇਤ ਜੋ 'ਗੁਰੂ' ਆ ਕੇ ਵਿਲਕ ਰਹੇ ਬੰਦਿਆ ਨੂੰ, ਤ੍ਰਿਸ਼ਨਾਂ-ਅੱਗ ਵਿਚ ਸੜ ਰਹੇ ਬੰਦਿਆਂ ਨੂੰ, ਸਮਝਾਂਦਾ ਹੈ ।

## ਇੱਕੋ ਹੀ ਮੁੱਢਲਾ ਰੋਗ, ਇੱਕੋ ਹੀ ਦਵਾਈ

ਆਪਣੇ ਅਤੇ ਆਪਣੇ ਪਰਵਾਰ ਦੇ ਸਰੀਰਕ ਨਿਰਬਾਹ ਦੀ ਖ਼ਾਤਰ ਧਨ-ਪਦਾਰਥ ਕਮਾਂਦਾ ਕਮਾਂਦਾ ਮਨੁੱਖ ਧਨ-ਪਦਾਰਥ ਨੂੰ ਹੀ ਆਪਣੀ ਜ਼ਿੰਦਗੀ ਦਾ ਸਹਾਰਾ ਸਮਝ ਲੈਂਦਾ ਹੈ । ਇਹ ਜਿੰਦ ਹੈ ਤਾਂ ਪਰਮਾਤਮਾ ਦੀ ਅੰਸ਼, ਪਰ ਜਿਵੇਂ ਜਗਤ ਦੀ ਮਾਇਆ ਪਰਤੱਖ ਦਿੱਸਦੀ ਹੈ ਉਹ ਪਰਮਾਤਮਾ ਇਹਨਾਂ ਅੱਖਾਂ ਨਾਲ ਨਹੀਂ ਦਿੱਸਦਾ । ਮਨੁੱਖ ਨੂੰ ਉਸ ਦੀ ਹਸਤੀ ਦਾ ਯਕੀਨ ਕਿਵੇਂ ਆਵੇ ? ਉਸ ਵਲ ਪਰਤੇ ਕਿਵੇਂ ? ਸੋ ਜੀਵ-ਆਤਮਾ ਤੇ ਪਰਮਾਤਮਾ ਦੇ ਵਿਚਕਾਰ ਮਾਇਆ ਦੇ ਮੋਹ ਦੀ ਵਿੱਥ ਪੈ ਜਾਂਦੀ ਹੈ, ਇਕ ਕੰਧ ਜਿਹੀ ਬਣ ਜਾਂਦੀ ਹੈ । ਇਹ ਵਿੱਥ, ਇਹ ਕੰਧ ਜਿਹੀ ਹੀ, ਅਸਲ ਮੁਢਲਾ ਰੋਗ ਹੈ । ਇਸ ਮੁੱਢਲੇ ਰੋਗ ਤੋਂ ਅਨੇਕਾਂ ਮਾਨਸਕ ਰੋਗ ਪੈਦਾ ਹੋ ਕੇ ਜਗਤ ਨੂੰ ਨਰਕ ਬਣਾ ਰਹੇ ਹਨ । ਇਸ ਦਾ ਇਲਾਜ ? ਇਸ ਦਾ ਇਲਾਜ ਇਹ ਹੈ ਕਿ ਸਿਰਜਣਹਾਰ ਕਰਤਾਰ ਨਾਲ ਮੇਲ ਬਣਾਇਆ ਜਾਏ । ਜਿਸ ਨੂੰ ਮੁੜ ਮੁੜ ਯਾਦ ਕਰਦੇ ਰਹੀਏ, ਉਸ ਨਾਲ ਪਿਆਰ ਬਣ ਜਾਂਦਾ ਹੈ । ਜਿਸ ਨਾਲ ਡੂੰਘਾ ਪਿਆਰ ਪੈ ਜਾਂਦਾ ਹੈ ਉਸ ਨਾਲ ਸੁਭਾਉ ਮਿਲ ਜਾਂਦਾ ਹੈ, ਉਸ ਨਾਲ ਇੱਕ-ਰੂਪ ਹੋ ਜਾਈਦਾ ਹੈ, ਉਸ ਦਾ ਕੀਤਾ ਹਰੇਕ ਕੰਮ ਚੰਗਾ ਲੱਗਦਾ ਹੈ । ਜਿਉਂ-ਜਿਉਂ ਜਿੰਦ ਦੇ ਸੋਮੇ ਸਿਰਜਣਹਾਰ ਨਾਲ ਮੇਲ-ਜੋਲ ਬਣਦਾ ਹੈ, ਉਹੀ ਜਿੰਦ ਦਾ ਸਹਾਰਾ ਬਣਦਾ ਜਾਂਦਾ ਹੈ । ਇਹ ਸਮਝ ਆਉਣ ਲੱਗ ਪੈਂਦੀ ਹੈ ਕਿ ਧਨ-ਪਦਾਰਥ ਸਿਰਫ ਚੰਦ ਰੋਜ਼ਾ ਸਰੀਰਕ ਨਿਰਬਾਹ ਵਾਸਤੇ ਕਮਾਣਾ ਹੈ, ਇਹ ਸਾਡਾ ਸਦਾ ਦਾ ਸਾਥੀ ਨਹੀਂ ਹੈ । ਫਿਰ, ਜੋ ਸਦਾ ਦਾ ਸਾਥੀ ਨਹੀਂ ਉਸ ਦੀ ਖ਼ਾਤਰ ਠੱਗੀ-ਫਰੇਬ, ਨਿੰਦਾ-ਈਰਖਾ, ਵੈਰ-ਵਿਰੋਧ ਸਹੇੜ ਕੇ ਇਸ ਚੰਦ-ਰੋਜ਼ਾ ਜੀਵਨ ਨੂੰ ਨਰਕ ਕਿਉਂ ਬਣਾਇਆ ਜਾਏ ?

## ਕਰਮ ਅਤੇ ਉਹਨਾਂ ਦਾ ਪ੍ਰਭਾਵ

ਕੋਈ ਪੇਂਡੂ ਛੋਟਾ ਬਾਲ ਆਪਣੀ ਮਾਂ ਨਾਲ ਸ਼ਹਿਰ ਵਿਚ ਆਵੇ ਜਿੱਥੇ ਹਰ ਵੇਲੇ ਅੱਗੇ ਪਿੱਛੇ ਛਾਬੜੀਆਂ ਵਾਲੇ ਮਿਠਿਆਈ ਆਦਿਕ ਵੇਚਦੇ ਹੋਣ । ਉਸ ਛੋਟੇ ਬਾਲ ਨੂੰ ਕੋਈ ਖਿੱਚ ਨਹੀਂ ਪੈਂਦੀ ਕਿ ਆਪਣੀ ਮਾਂ ਦੇ ਖਹਿੜੇ ਪਏ ਉਹ ਮਠਿਆਈ ਆਦਿਕ ਲੈ ਦੇਣ ਵਾਸਤੇ । ਕਿਉਂ ? ਉਸ ਨੇ ਨਾਹ ਕਦੇ ਮਿਠਿਆਈ ਵੇਖੀ ਨਾਹ ਖਾਧੀ । ਉਸ ਨੂੰ ਆਪਣੇ ਅੰਦਰੋਂ ਪ੍ਰੇਰਨਾ ਕਿਵੇਂ ਉੱਠੇ ? ਪਰ ਜੇ ਮਾਂ ਕਿਸੇ ਇਕ ਛਾਬੜੀ ਵਾਲੇ ਪਾਸੋਂ ਕੁਝ ਲੈ ਕੇ ਬਾਲ ਨੂੰ ਖਵਾ ਦੇਵੇ, ਫਿਰ ਵੇਖੋ ਉਸ ਬੱਚੇ ਦਾ ਹਾਲ । ਜਿਉਂ ਜਿਉਂ ਕੋਈ ਛਾਬੜੀ ਵਾਲਾ ਆਵੇਗਾ, ਬੱਚਾ ਮਾਂ ਦੇ ਖਹਿੜੇ ਪਏਗਾ ਕਿ ਮੈਨੂੰ ਅਹਿ ਚੀਜ਼ ਲੈ ਦੇ ਅਹੁ ਸ਼ੈ ਲੈ ਦੇ । ਇਹ ਫਰਕ ਕਿਉਂ ? ਬਾਲ ਦੀ ਜੀਭ ਨੇ ਮਿਠਿਆਈ ਦਾ ਸੁਆਦ ਚੱਖ ਲਿਆ ਹੈ, ਉਸ ਦੇ ਮਨ ਵਿਚ ਉਹ ਸੁਆਦ ਟਿਕ ਗਿਆ ਹੈ । ਛਾਬੜੀ ਵੇਖਦਿਆਂ ਹੀ ਮਨ

ਵਿਚ ਟਿਕੇ ਉਹ ਸੰਸਕਾਰ ਜਾਗ ਪੈਂਦੇ ਹਨ, ਤੇ ਬੱਚੇ ਨੂੰ ਪ੍ਰੇਰਦੇ ਹਨ ਹੋਰ ਮਿਠਿਆਈ ਖਾਣ ਲਈ।

ਜਿਹੜਾ ਭੀ ਕਰਮ ਮਨੁੱਖ ਕਰਦਾ ਹੈ ਉਸ ਦੇ ਸੰਸਕਾਰ ਉਸ ਦੇ ਅੰਦਰ ਟਿਕ ਜਾਂਦੇ ਹਨ, ਉਸ ਦੇ ਮਨ ਦਾ ਹਿੱਸਾ ਬਣ ਜਾਂਦੇ ਹਨ। ਮਨ ਕੀਹ ਹੈ ? ਮਨੁੱਖ ਦੇ ਚੰਗੇ ਮੰਦੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ, ਕੀਤੇ ਕਰਮਾਂ ਦੇ ਲੁਕਵੇਂ ਚਿੱਤਰ ਗੁਪਤ ਚਿੱਤਰ। ਇਹ ਗੁਪਤ ਚਿੱਤਰ, ਚਿੱਤਰ ਗੁਪਤ, ਇਕ ਤਾਂ ਮਨੁੱਖ ਦੇ ਗੁਣ ਤਕ ਦੇ ਕੀਤੇ ਹੋਏ ਕਰਮਾਂ ਦੇ ਗਵਾਹ ਹਨ, ਦੂਜੇ ਉਹੋ ਜਿਹੇ ਹੀ ਹੋਰ ਕਰਮ ਕਰਨ ਲਈ ਸਦਾ ਪ੍ਰੇਰਦੇ ਰਹਿੰਦੇ ਹਨ।

ਜਦ ਤੋਂ ਦੁਨੀਆਂ ਬਣੀ ਹੈ ਜਦ ਤਕ ਬਣੀ ਰਹੇਗੀ, ਮਨੁੱਖ ਦੀ ਮਾਨਸਕ ਬਣਤਰ ਬਾਰੇ ਕੁਦਰਤਿ ਦਾ ਇਹ ਨਿਯਮ ਅਟੱਲ ਤੁਰਿਆ ਆ ਰਿਹਾ ਹੈ, ਅਟੱਲ ਤੁਰਿਆ ਰਹੇਗਾ। ਪਰ ਹਾਂ, ਮਨੁੱਖ ਦੀ ਇਹ ਮਾਨਸਕ ਬਣਤਰ ਖਾਸ ਨਿਯਮਾਂ ਅਨੁਸਾਰ ਬਦਲ ਭੀ ਸਕਦੀ ਹੈ ਤੇ ਬਦਲਦੀ ਰਹਿੰਦੀ ਹੈ। ਚੰਗੇ ਤੇ ਮੰਦੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਮਨੁੱਖ ਦੇ ਮਨ ਵਿਚ ਸਦਾ ਘੋਲ ਹੁੰਦਾ ਰਹਿੰਦਾ ਹੈ। ਤਕੜਾ ਧੜਾ ਮਾੜੇ ਧੜੇ ਨੂੰ ਹੋਰ ਮਾੜਾ ਕਰਨ ਦਾ ਜਤਨ ਸਦਾ ਕਰਦਾ ਰਹਿੰਦਾ ਹੈ। ਦੁਨੀਆਂ ਦੇ ਕਿਰਤ ਕਾਰ ਵਿਚ ਮਨੁੱਖ ਨੂੰ ਜਿਹੋ ਜਿਹੇ ਕਰਮਾਂ ਨਾਲ ਵਾਹ ਪੈਂਦਾ ਹੈ ਉਸ ਦੇ ਅੰਦਰਲੇ ਉਹੋ ਜਿਹੇ ਸੰਸਕਾਰ ਜਾਗ ਕੇ ਬਾਹਰਲੀ ਪ੍ਰੇਰਨਾ ਨਾਲ ਤਕੜੇ ਹੋ ਕੇ ਦੂਜੇ ਧੜੇ ਦੇ ਸੰਸਕਾਰਾਂ ਨੂੰ ਨੱਪ ਲੈਂਦੇ ਹਨ।

— 0 —

# ਕੀਰਤਨੀਏ ਕਿ ਕਥਾਕਾਰ

ਜੀ. ਐਸ. ਰੰਧਾਵਾ

ਗੁਰੂ ਸਾਹਿਬਾਨ ਦੇ ਸਮੇਂ ਤੋਂ ਇਹ ਪਰੰਪਰਾ ਚਲੀ ਆ ਰਹੀ ਹੈ ਕਿ ਕੀਰਤਨ ਹੋਣ ਤੋਂ ਪਿੱਛੋਂ ਕਥਾਕਾਰ ਗਿਆਨੀ ਵਿਦਵਾਨ ਗੁਰਬਾਣੀ ਦੇ ਭਾਵਾਂ ਨੂੰ ਕਹਾਣੀਆਂ ਬਬਾਣੀਆਂ ਨਾਲ ਜੋੜ ਕੇ ਸੰਗਤਾਂ ਨੂੰ ਸੁਣਾਉਂਦੇ ਹਨ। ਪਰ ਹੁਣ ਵੇਖਣ ਵਿਚ ਆਇਆ ਹੈ ਅਤੇ ਬਹੁਤ ਕੈਸਟਾਂ ਵੀ ਏਹੋ ਜ਼ਾਹਰ ਕਰਦੀਆਂ ਹਨ ਕਿ ਪ੍ਰਸਿੱਧ ਕੀਰਤਨੀਏ ਵੀ ਕਥਾਕਾਰਾਂ ਵਾਲਾ ਕੰਮ ਅਪਨਾਈ ਜਾ ਰਹੇ ਹਨ। ਜਿਸ ਨਾਲ ਕਥਾਕਾਰਾਂ ਦਾ ਹੱਕ ਖੁਸਦਾ ਜਾ ਰਿਹਾ ਹੈ। ਇਸ ਦੇ ਦੋ ਕਾਰਨ ਸਮਝੇ ਜਾਂਦੇ ਹਨ। ਇਕ ਇਹ ਕਿ ਕੀਰਤਨੀਏ ਸਿੰਘ ਸਰੀਰਕ ਕਰਕੇ ਬਹੁਤਾ ਗਾਉਣ ਦੇ ਅਸਮਰਥ ਹੁੰਦੇ ਹਨ ਹਾਲਾਂਕਿ ਮਾਈਕ ਉੱਤੇ ਬੋਲਣਾ ਏਡਾ ਔਖਾ ਨਹੀਂ ਹੁੰਦਾ ਹੈ। ਫੇਰ ਵੀ ਉਹ ਇਕ ਅੱਧਾ ਸ਼ਬਦ ਸੁਣਾ ਕੇ ਬਾਕੀ ਸਮਾਂ ਕਥਾ ਵਾਰਤਾ ਕਰਕੇ ਟਪਾ ਦੇਂਦੇ ਹਨ। ਦੂਜੀ ਵਜਹ ਇਹ ਹੈ ਕਿ ਕੀਰਤਨੀਏ ਸਿੰਘ ਨੂੰ ਥੋੜ੍ਹੀ ਗਿਣਤੀ ਦੇ ਹੀ ਸ਼ਬਦ ਯਾਦ ਹੁੰਦੇ ਹਨ, ਇਸ ਕਰਕੇ ਉਹ ਕਥਾਕਾਰ ਦਾ ਕੰਮ ਆਰੰਭ ਕਰ ਲੈਂਦਾ ਹੈ, ਜਿਸ ਨਾਲ ਬਾਕੀ ਮਸਾਂ ਸੌਖਾ ਲੰਘ ਜਾਂਦਾ ਹੈ। ਇਸ ਤਰ੍ਹਾਂ ਕਰਨਾ ਠੀਕ ਨਹੀਂ ਹੈ।

ਇਸ ਸੰਬੰਧ ਵਿਚ ਇਕ ਕਹਾਵਤ ਹੈ – "ਜਿਸ ਕਾ ਕਾਮ ਤਿਸੀ ਕੋ ਸਾਜੇ, ਅਵਰ ਕਰੇ ਤਾਂ ਢੀਂਗਾ ਭਾਜੇ" ਆਦਿ॥ ਹਰਿ ਗੁਰਮੁਖਿ ਕੀਰਤਨੀਏ ਦਾ ਅਸਲ ਕੰਮ ਹੈ ਕਿ ਉਹ ਗੁਰਬਾਣੀ ਵਿਚੋਂ ਸਿਫਤਿ ਸਾਲਾਹ ਦੇ ਸ਼ਬਦਾਂ ਦੀ ਚੋਣ ਕਰਕੇ ਕੀਰਤਨ ਦੀ ਐਸੀ ਅੰਮ੍ਰਿਤ ਭੋਜਨ ਗਿਆਨੁ ਦੀ ਵਰਖਾ ਕਰੇ ਕਿ ਸੰਗਤਾਂ ਝੂਮ ਝੂਮ ਕੇ ਪ੍ਰਤੱਖ "ਅੰਮ੍ਰਿਤ ਰਸੁ ਹਰਿ ਕੀਰਤਨੋ" ਦੇ ਗਟਾਕ ਪੀ ਪੀ ਕੇ ਗੁਰ ਗਿਆਨ ਦੇ ਦਰਸ਼ਨ ਕਰਿ ਕਰਿ ਕੇ ਨਿਹਾਲ ਹੁੰਦੇ ਦਿਸਣ" ਗੁਰਮਤਿ ਵੀ ਇਸ ਤਰ੍ਹਾਂ ਦਰਸਾਉਂਦੀ ਹੈ :—

"ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖਦੁਆਰ ॥" ਪੰਨਾ 1275
"ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥" ਪੰਨਾ 1032
"ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥" ਪੰਨਾ 102

ਸਤਿਗੁਰ ਨਾਨਕ ਦੇਵ ਜੀ ਆਪਣੇ ਕਾਦਰ ਕਰਤਾਰ ਨੂੰ ਐਸਾ ਸਿਫਤਿ ਸਾਲਾਹ ਦਾ ਕੀਰਤਨ ਕਰਕੇ ਸੁੰਨ ਮੁੰਨ ਹੋ ਜਾਇਆ ਕਰਦੇ ਸਨ।

"ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸ ਵਡਿਆਈ ॥" ਪੰਨਾ 784
"ਗੁਣ ਗਾਵੈ ਗੁਣ ਉਚਰੇ ਗੁਣ ਮਾਹਿ ਸਮਾਇਆ ॥" ਪੰਨਾ 954

ਗੁਰੁ ਪਾਰਬ੍ਰਹਮ ਪਰਮੇਸ਼ਵਰ ਦੇ ਦਰਸ਼ਨ ਉਸ ਦੇ ਗੁਣਾਂ ਵਿਚੋਂ ਮਿਲਦੇ ਹਨ। ਜਿਹੜਾ ਸਿਮਰਨ ਕਰਨ ਵਾਲਾ ਭੈ ਬੈਰਾਗਿ ਵਿਚ ਰੱਤਾ ਕੀਰਤਨੀਆ ਹੋਵੇਗਾ ਉਹ ਐਸਾ

ਮਨੋਹਰ ਕੀਰਤਨ ਸੁਣਾ ਸਕਦਾ ਹੈ । ਉਸ ਦੀ ਤ੍ਰਿਸ਼ਨਾ ਭੁੱਖ ਸਭ ਸੰਜਮ ਵਿਚ ਆ ਜਾਇਆ ਕਰਦੀ ਹੈ, ਕਿਉਂਕਿ ਉਸ ਪਾਸ ਰਤਨਾਂ ਦੀ ਖਾਣ ਹੁੰਦੀ ਹੈ :—

ਸਚੁ ਨਾਮੁ ਕਰਤਾ ਪੁਰਖੁ ਇਹ ਰਤਨਾ ਖਾਣੀ ॥" ਪੰਨਾ 319

"ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਇਹੁ ਹਰਿ ਹਰਿ ਗੁਨ ਗਾਮ ॥" ਪੰਨਾ 265

ਸੋ ਹਰ ਕੀਰਤਨੀਏ ਨੂੰ ਮੂਲ ਮੰਤ੍ਰ ਦਾ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ ਜਿਸ ਵਿਚ ਸਭ ਪਦਾਰਥ ਹਨ ॥ ਸਿਮਰਨ ਕਰਨ ਵਾਲੇ ਨੂੰ ਅੰਮ੍ਰਿਤ ਕੀਰਤਨ ਬੈਕੁੰਠ ਵਿਚ ਲੈ ਜਾਂਦਾ ਹੈ ।



# 'ਤਬਲਾ ਉਸਤਾਦ ਮਹਿੰਗਾ ਸਿੰਘ ਜੀ'

ਇੰਦਰਜੀਤ ਸਿੰਘ ਗੋਗੋਆਣੀ

ਉਸਤਾਦ ਮਹਿੰਗਾ ਸਿੰਘ

ਇਕ ਹੱਥ ਖੂੰਡੀ ਤੇ ਦੂਜਾ ਹੱਥ ਕਿਸੇ ਸੁਜਾਖੇ ਵਿਦਿਆਰਥੀ ਨੂੰ ਪਾਈ ਸਿੱਖ ਮਿਸ਼ਨਰੀ ਕਾਲਜ (ਗੰਗਾ ਬਿਲਡਿੰਗ ਅੰਮ੍ਰਿਤਸਰ) ਤੋਂ ਪੁਤਲੀਘਰ ਯਤੀਮਖਾਨੇ ਤੱਕ ਸਰਦੀਆਂ ਨੂੰ ਅਚਕਨ 'ਚ ਬੁੱਢੇ ਹੱਡ ਲਪੇਟੀ ਤੇ ਗਰਮੀਆਂ ਦੀ ਤਿਖੜ ਦੁਪਹਿਰੇ ਮੁੜਕੋ ਮੁੜਕੀ ਹੋਇਆ ਆਉਂਦਾ ਜਾਂਦਾ ਬਿਰਧ ਬੰਦਾ ਉਸਤਾਦ ਮਹਿੰਗਾ ਸਿੰਘ ਹੀ ਹੋ ਸਕਦਾ ਹੈ। ਉਮਰੋਂ ਸੱਤਵੇਂ ਦਹਾਕੇ ਦੇ ਕਰੀਬ ਪਹੁੰਚ ਕੇ ਵੀ ਜ਼ਿੰਦਗੀ ਨੂੰ ਹੱਸ ਕੇ ਸੁਰ ਤਾਲ 'ਚ ਕਾਇਮ ਰੱਖਿਆ ਹੋਇਆ। ਉਹਨਾਂ ਦੀ ਉਮਰ ਨਾਲ ਉਤਨੇ ਹੀ ਅੰਕੜੇ ਹੋਰ ਗੁਣਾਂ ਕਰ ਦੇਈਏ ਸ਼ਾਇਦ ਉਹਨਾਂ ਦੇ ਸ਼ਾਗਿਰਦਾਂ ਦੀ ਗਿਣਤੀ ਇਸ ਤੋਂ ਵੀ ਵੱਧ ਜਾਏ।

ਉਸਤਾਦ ਮਹਿੰਗਾ ਸਿੰਘ ਦਾ ਜਨਮ ਸ੍ਰ: ਗੁਰਦਿੱਤ ਸਿੰਘ ਦੇ ਘਰ ਪਿੰਡ ਪੱਤੀ ਉੱਚੀ (ਜਲੰਧਰ) ਵਿਖੇ ਹੋਇਆ। ਜ਼ਿਮੀਦਾਰਾ ਕਿੱਤੇ 'ਚ ਸੰਗੀਤ ਨਾਲ ਕਿਸੇ ਦਾ ਲਗਾਓ ਨਹੀਂ ਸੀ। ਚਾਰ ਸਾਲ ਦੀ ਉਮਰੇ ਮਾਤਾ ਦਾ ਸਾਇਆ ਸਿਰ ਤੋਂ ਉਠ ਗਿਆ। ਅੱਖਾਂ ਦੁਖਣੀਆਂ ਆਈਆਂ, ਮਾਤਾ ਦੀ ਅਣਹੋਂਦ, ਠੀਕ ਪਰਵਰਿਸ਼ ਨਾ ਹੋਣ ਕਰਕੇ ਅੱਖਾਂ ਦੀ ਜੋਤ ਜਾਂਦੀ ਰਹੀ। ਵੱਡੇ ਭਰਾਂ ਨੇ ਇਹਨਾਂ ਨੂੰ ਦਸ ਸਾਲ ਦੀ ਉਮਰੇ ਅੰਧ ਵਿਦਿਆਲੇ ਅੰਮ੍ਰਿਤਸਰ ਦਾਖਲ ਕਰਵਾ ਦਿੱਤਾ। ਇਥੇ ਪੂਰੇ ਛੇ ਸਾਲ ਗੁਜ਼ਾਰੇ। ਪੰਜਵੀਂ ਤੱਕ ਬਰੇਲ ਸਿੱਖੀ। ਹਰਮੋਨੀਅਮ ਤੇ ਸਿਤਾਰ ਉਸਤਾਦ ਰਘੁਨਾਥ ਕੁਲਕਰਨੀ ਜੀ ਪਾਸੋਂ ਤੇ ਤਬਲਾ ਪੰਜਾਬ ਦੇ ਮਸ਼ਹੂਰ ਉਸਤਾਦ ਦਾਸਰਾ ਜੀ (ਵਿਸ਼ਣ ਦਾਸ ਮੱਲ) ਹੁਰਾਂ ਪਾਸੋਂ ਸਿੱਖਿਆ। ਨਾਲ ਨਾਲ ਕੁਰਸੀਆਂ, ਮੰਜੀਆਂ ਦੀ ਬੁਣਾਈ ਦਾ ਕੰਮ ਵੀ ਸਿੱਖਿਆ। ਇਸ ਤੋਂ ਬਾਅਦ ਚਾਰ ਸਾਲ ਲੁਧਿਆਣੇ ਤੇ ਫਿਲੌਰ ਜਾ ਕੇ ਪੇਟ ਦੀ ਖਾਤਰ ਕੁਰਸੀਆਂ ਵੀ ਬੁਣੀਆਂ, ਤਬਲਾ ਵੀ ਸਿਖਾਉਂਦੇ ਰਹੇ। ਫਿਰ 1944 ਵਿਚ ਅੰਧ ਵਿਦਿਆਲੇ ਅੰਮ੍ਰਿਤਸਰ ਹੀ ਵੀਹ ਰੁਪਏ ਤਨਖਾਹ ਤੇ ਦਸਤਕਾਰੀ ਟੀਚਰ ਲੱਗ ਗਏ। ਸੰਤਾਲੀ ਦੀ ਵੰਡ ਤੱਕ ਆਪਣੇ ਉਸਤਾਦ ਜੀ ਪਾਸੋਂ ਤਬਲੇ ਦੀ ਹੋਰ ਵੀ ਕਾਫੀ ਮਿਹਨਤ ਕੀਤੀ। ਇਥੇ ਹੀ ਤਬਲਾ ਮਾਸਟਰ ਦੀ ਨੌਕਰੀ

ਵੀ ਕੀਤੀ। ਪੂਰੇ ਪੰਦਰਾਂ ਸਾਲ ਇੱਥੇ ਗੁਜ਼ਾਰੇ।

ਜਨਵਰੀ 1960 ਵਿਚ ਸੈਂਟਰਲ ਖਾਲਸਾ ਯਤੀਮਖਾਨੇ ਬਰੇਲ ਅਤੇ ਤਬਲਾ ਮਾਸਟਰ ਦੀ ਨੌਕਰੀ ਕੀਤੀ। ਇਥੇ ਉਹਨਾਂ ਨੇ ਆਪਣੀ ਪਤਨੀ ਜੋ ਨੇਤਰਹੀਣ ਹੈ, ਦੋਨਾਂ ਨੇ ਪਹਿਲੀ ਤੋਂ ਪੰਜਵੀ ਤਕ ਨੇਤਰਹੀਣ ਵਿਦਿਆਰਥੀਆਂ ਲਈ ਕਲਾਸਾਂ ਦਾ ਸਿਲੇਬਸ ਬਰੇਲ ਲਿੱਪੀ ਵਿਚ ਤਿਆਰ ਕੀਤਾ ਅਤੇ ਟਾਈਪ ਕਰਕੇ ਪੂਰੀਆਂ ਕਾਪੀਆਂ ਬਣਾਈਆਂ। ਅਜੇ ਤਕ ਇੱਥੇ ਉਹੀ ਸਿਲੇਬਸ ਚਲਦਾ ਹੈ। ਹੁਣ 1976 ਤੋਂ ਲਗਾਤਾਰ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਸਿੱਖ ਮਿਸ਼ਨਰੀ ਕਾਲਜ ਵਿਚ ਤਬਲਾ ਉਸਤਾਦ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਨਾਲ ਨਾਲ ਪਾਰਟ-ਟਾਈਮ ਦੋ ਘੰਟੇ ਲਈ ਯਤੀਮਖਾਨੇ ਤਬਲੇ ਦੀ ਕਲਾਸ ਲੈਂਦੇ ਹਨ। ਉਹਨਾਂ ਨੇ ਪ੍ਰਯਾਗ ਸੰਗੀਤ ਸਮਿਤੀ ਇਲਾਹਾਬਾਦ ਤੋਂ ਤਬਲਾ ਪ੍ਰਭਾਕਰ ਅਤੇ ਸਿਤਾਰ ਪ੍ਰਭਾਕਰ ਦੀ ਡਿਗਰੀ ਪ੍ਰਾਪਤ ਕੀਤੀ ਹੈ। ਪਰ ਅੱਜ ਦੇ ਬਹੁ-ਗਿਣਤੀ ਵਿਦਿਆ-ਰਥੀਆਂ ਵਾਂਗ ਪ੍ਰੈਕਟੀਕਲ 'ਚੋਂ ਬਰਫੀ ਦਾ ਡੱਬਾ ਦੇ ਕੇ ਪਾਸ ਨਹੀਂ ਹੋਏ ਸਗੋਂ ਦੁੱਧ ਵਾਂਗ ਪੜ੍ਹਕੇ ਤਪੱਸਿਆ ਕੀਤੀ ਹੈ। ਸੰਗੀਤ ਦੇ ਵਿਸ਼ਾਲ ਸਾਗਰ ਵਿਚ ਡੂੰਘੀਆਂ ਚੁੱਭੀਆਂ ਲਾਈਆਂ ਹਨ, ਇਸੇ ਕਰਕੇ ਉਹਨਾਂ ਦੇ ਥੱਲੇ ਘੋਗੇ ਸਿੱਪੀਆਂ ਨਹੀਂ ਸਗੋਂ ਕੀਮਤੀ ਮੋਤੀ ਹਨ।

ਇਕ ਗੱਲ ਦਾ ਅਫਸੋਸ ਹੈ ਕਿ ਚਾਰ-ਪੰਜ ਸਿੱਧੇ ਤਾਲਾਂ ਤੋਂ ਬਿਨ੍ਹਾਂ ਬਹੁ-ਗਿਣਤੀ ਕੀਰਤਨੀਏ ਸਿੰਘਾਂ ਪਾਸ ਹੋਰ ਕੋਈ ਗੁੰਜਾਇਸ਼ ਨਹੀਂ। ਬਾਕੀ ਤਾਲਾਂ ਬਾਰੇ ਨਾ ਕੋਈ ਤਬਲੇ ਵਾਲਾ ਮਿਹਨਤ ਕਰਦਾ ਨਾ ਗਾਉਣ ਵਾਲਾ ਗਾ ਸਕਦਾ। ਧਰੁਪਦ, ਧਮਾਰ, ਆੜਾ ਚਾਰ ਤਾਲ, ਪੰਚਮ ਸਵਾਰੀ, ਕੁੰਭ, ਰੁਦਰ, ਬਸੰਤ, ਫਰੋਦਸਤ, ਬ੍ਰਹਮ, ਤੀਵਰਾ, ਸ਼ਿਖਰ, ਲਕਸ਼ਮੀ, ਇੰਦਰ, ਅਸ਼ਟ ਮੰਗਲ ਤੇ ਹੋਰ ਕਈ ਤਾਲ ਜੋ ਉਹਨਾਂ ਗਿਣ ਦਿੱਤੇ ਕਿੱਥੇ ਸੁਣਨ ਨੂੰ ਮਿਲਦੇ ਆ! ਯਤੀਮਖਾਨੇ ਉਹਨਾਂ ਦੇ ਛੋਟੇ ਛੋਟੇ ਸ਼ਗਿਰਦ ਸ਼ਾਇਦ ਉਹਨਾਂ ਦੇ ਸੁਪਨੇ ਨੂੰ ਸਾਕਾਰ ਕਰਨਾ ਪਰ ਗਹਿਰੀ ਤਪੱਸਿਆ ਦੀ ਜ਼ਰੂਰਤ ਹੈ। ਜਦ ਕੋਈ ਰੋਟੀ-ਰੋਜ਼ੀ ਦੇ ਸਿਰੇ ਹੋ ਜਾਂਦਾ ਫਿਰ ਨਾ ਕੋਈ ਉਸਤਾਦ ਦੀ ਕਲਾਸ 'ਚ ਆਉਂਦਾ ਨਾ ਮਿਹਨਤ ਕਰਦਾ। ਇਹ ਕੋਈ ਫੁੱਲੀਆਂ-ਪਤਾਸੇ ਤਾਂ ਨਹੀਂ ਕਿ ਜੋ ਆਵਾਜ਼ ਮਾਰਕੇ ਕੋਈ ਕਿਸੇ ਦਾ ਬੁੱਕ ਭਰ ਦੇਵੇ, ਇਹ ਤਾਂ ਸਾਧਨ ਹੈ ਜਿੰਨੀ ਕੋਈ ਕਰ ਲਵੇ। □

# Singh Bandhu : Messiah of Classical music

Manraj Grewal

Music is the food for soul ! And classical music rendered by Singh Bandhu is a veritable feast for all music lovers. After having heard them numerous times, it was a pleasure to find Mr. Surinder Singh Sachdeva one of the Singh Bandhu as charming as his melodious ones. He is two years younger to the elder Singh Bandhu Mr Tejpal Singh Sachdeva.

They were born in a family of government servant. There was no one in their family who ever dreamt that they would grow up to be musical prodigies. Their grandfather was a school teacher while their father was an engineer. Theirs was a large family of six brothers and two sisters. Their eldest brother turned blind at the age of eleven in 1934. At that time there were very few avenues open for a blind person. They could either weave cane chairs or become a 'raagi' in a Gurudwara. None of these occupations were to the liking of their family. They had higher ambitions for their son and thought that it would be best if he could become a classical music theacher. It was considered a very honourable occupation and given due respect by the society.

## CHILD PRODIGIES

A teacher was employed to teach him classical music. He learnt it for eight years and it was during his period of training that Tejpal and Surinder were born. Right from infancy music fascinated them. They grew up with soulful music echoing in their impressionable minds. Their brother learnt music from Kirana and Patiala gharana. Bhimsen Joshi is the famous exponent of Kirana gharana and Ghulam Ali Khan belongs to Patiala gharana. Tejpal and Surinder also began to learn music as a hobby and came to be regarded as child prodigies. They sang in school and numerous medals and trophies came their way. From the age of six they also started performing for Akashwani.

Bo h the brothers were brilliant in studies. Tejpal stood first in intermediate and finished his post-graduation in Maths. Surinder completed his B. A. (Hons) in English. He was also the editor of College magazine and the best debator. Many of his articles were also published in Indian Express; Illustrated Weekly and Filmfare.

## FAMILY OPPOSITION

It was after finishing their studies that Surinder and Tejpal decided to make music their career. Their decision came as a bombshell for their parents Surprisingly the strongest opposition was voiced by their blind brother. Though blind, he is very well read and believed that music is the best hobby but worst profession. Their parents had always thought of government services as fit career for their sons. Music as an occupation was considered dishonourable by them. Tejpal was always taciturn and seldom spoke much therefore every one thought that it was Surinder who had instigated him. So all the verbal salvos were fired at him. But their family's arguments only succeeded in strenghtening their resolution.

However tragedy struck when their father passed away. Their financial state was in doldrums and their younger sister was yet to be married. So the duo decided to pursue their calling without giving up their duties.

Tejpal joined Haryana government education service and went on to become the Head of vocal music dapartment of Government College at Gurgaon. Meanwhile in 1963 both brothers began learning music from Ustad Amir Khan who belonged to Indore gharana. He was the winner of the first Padma Bhushan and sang for Tansen in Baiju Bawra. Surinder followed various occupations. First, he became a transmission officer in A. I. R. Then he joined the Indian Foreign Service but resigned in 1966 after paying the last instalment of the debt he had incurred for solemnizing his sister's marriage.

In 1969, Surinder was selected as an Income Tax Officer. His mother became very emotional and said that she would fast unto death if he did not join the service. Surinder on his part

insisted that he would join only if he was posted at Bombay, as luck would have it he was posted to Bombay and therefore had to join the service. He says he always felt guilty for being paid for a job he disliked so much. He resigned many times but his resignation was not accepted and instead he was granted a leave for two years.

Finally in 1980 Surinder resigned while Tejpal sought voluntary retirement after 20 years of service. They were already well known. But Surinder says that making a living out of music in India is very tough. Musicians are expected to please the organisers and approach them with a begging bowl. The age old tradition set by the 'Marasis' is very difficult to break. The Raja's have been replaced by promoters and patronisers who have king sized egos. But they have never bowed to this unwritten code of sycophancy. And luckily their name carries enough weight with both the organisers as well as the audience.

## CLASSICAL MUSIC

Singh Bandhu are interested exclusively in classical music. Govind Nihalini approached them to compose music for his tele serial 'Tamas'. They composed as well as sang shabads for this serial. After this, they got the *offer for 'Gavo Saachi Bani'* and they readily accepted it. However outside television, they sing classical ragas at various concert. Technically their music is an amalgam of Indore, Patiala and Kirana gharana.

Singh Bandhu feel that shabad singing has fallen on evil days. Shabads should be sung with decorum and dignity which is found only in classical ragas. Therefore they made a conscious decision to do their bit for their community by attempting to correct the course which shabad singers have erroneously taken. The only public performance of shabads they have given was in 1977 at Bangla Saheb, New Delhi to commemorate the 400th foundation festival of Golden Temple.

Guru Shishya tradition they feel is very valuable. They teach few disciples who have already attained a certain level of proficiency in music and only need right guidance.

Singh Bandhu have travelled all over the world but find Indian audience most 'appreciative. India being the

land of music.' They have cut a disc in Sweden and six long playing discs for Music India and HMV to their credit. They have also made a numb r of cassette recordings which are very popular all over India. Their latest disc will be released in March.

Mr. Surinder's wife, Padma Sachdeva, a Dogri poetess is a personality in her own right. She has won a Sahitya Akademi and a Sovietland award. Both Mr. surinder Singh and Mr. Tejpal don't believe in imposing their views on their children and they don't mind if they chose completely different occupations.

Music is an obsession with them. They just want to improve their singing and not become music directors or industrialists. Surinder feels that music is another dimension of living. One may call it spiritual but once you are in grip of music, you definitely reach another level of consciousness. But it is a state of complete involvement and the bliss one experience is beyond expression.

Surinder feels that classical music has a very bright future. Right now it is passing through a melting pot because of its contact with the masses. It is a great opportunity but some musicians are making all sorts of compromises to get the heartiest applause. However only time will show the effect of these changes. He contends that it can not be as popular as pop music but that does not matter. In this branch of art the musicians are not very particular about the size of audience. It is the intensity of their response which counts.

For him music is a potent art form and a musician can convey joys, aspirations sorrows and even sinful human desires. So they must be careful of where they are leading the audience. □

---

(ਸਫ਼ਾ 35 ਦੀ ਬਾਕੀ)

6) ਡਾ. ਜਾਗੀਰ ਸਿੰਘ ਜੀ 7) ਪ੍ਰੋ: ਕੁਲਵੰਤ ਸਿੰਘ ਗਰੇਵਾਲ ਜੀ 8) ਡਾ. ਜੋਗਿੰਦਰ ਸਿੰਘ ਜੀ ਬਾਵਰਾ 9) ਪ੍ਰੋ: ਰਣਜੀਤ ਸਿੰਘ ਜੀ 10) ਡਾ. ਜਤਿੰਦਰ ਸਿੰਘ ਜੀ 11) ਪ੍ਰੋ: ਜਗਜੀਤ ਕੌਰ ਜੀ 12) ਭਾਈ ਬਲਬੀਰ ਸਿੰਘ ਜੀ 13) ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ 14) ਪ੍ਰੋ: ਹਰਭਜਨ ਸਿੰਘ ਖਾਲਸਾ 15) ਪ੍ਰੋ. ਸੰਤੋਸ਼ ਅਰੋੜਾ ਜੀ 16) ਡਾ. ਜਸਬੀਰ ਸਿੰਘ ਜੀ ਸਾਬਰ 17) ਡਾ. ਗੁਰਨਾਮ ਸਿੰਘ ਜੀ 18) ਸਮੂਹ ਮੈਂਬਰ ਗੁਰਮਤਿ ਸੰਗੀਤ ਸੁਸਾਇਟੀ।

—0—

# ਧਨਾਸਰੀ ਰੂਪਕ

— ਹਰਿਭਜਨ ਸਿੰਘ

**ਅਸਥਾਈ**

| | | | 2 | | 3 | |
|---|---|---|---|---|---|---|
| 1 | 2 | 3 | 4 | 5 | 6 | 7 |
| ਪ | ਪ | ਮ | ਗੁ | — | ਗੁ | ਗੁਮ |
| ਮਾ | ਥੈ | ਲਾ | ਗੀ | S | ਮੇ | ਰੇS |
| ਰ | ਰ | ਸ | ਸ | — | — | ਸਰ |
| ਮਾ | ਥੈ | ਲਾ | ਗੀ | S | S | ਲੇS |
| ਨੁ | ਨੁ | ਸ | ਮ | ਸ | ਗੁ | ਮ |
| ਧੂ | ਰਿ | ਗੋ | ਬਿੰ | ਦ | ਚ | ਰ |
| ਪ | ਗੁ | ਮ | ਪ | — | — | — |
| ਨ | ਨ | S | ਕੀ | S | S | S |
| ਨੁ | ਨੁ | ਨੁਧ | ਨੁ | ਨੁ | ਨੁ | ਨੁ |
| ਸੁਰਿ | ਨ | ਰS | ਮੁ | ਨਿ | ਜ | ਨ |
| ਧ | ਧ | ਨੁਸਂ | ਨੁ | ਧ | ਪ | — |
| ਤਿਨ | ਹੂ | ਤੇS | ਦੂ | S | ਰਿ | S |
| ਸਂ | ਸਂ | ਸਂਰਂ | ਨੁ | ਧ | ਪ | ਪ |
| ਸੁਰਿ | ਨ | ਰS | ਮੁ | ਨਿ | ਜ | ਨ |
| ਗੁ | ਮ | ਗੁ | ਰ | ਸ | ਨੁ | — |
| ਤਿਨ | ਹੂ | ਤੇ | ਦੂ | S | ਰਿ | S |

**ਅੰਤਰਾ**

| | | | | | | |
|---|---|---|---|---|---|---|
| ਮ | ਮ | ਪ | ਨੁ | ਨੁ | ਪ | ਨ |
| ਪਤਿ | ਤ | ਪਾ | ਵ | ਨ | ਮਾ | ਧਉ |
| ਸਂ | ਸਂ | ਸਂ | ਸਂ | — | ਸਂ | — |
| ਬਿ | ਰ | ਦੁ | ਤੇ | S | ਰਾ | S |
| ਸਂਰਂ | ਗੁਂ | ਰਂ | ਸਂ | ਸ | ਸਂ | ਸਂਰਂ |
| ਧਨਿ | ਤੇ | ਵੈ | ਮੁਨਿ | ਜਨ | ਜਿਨ | ਧਿਆਇਓ |
| ਨੁ | ਨੁ | ਨੁਸਂ | ਧ | | ਪ | — |
| ਹਰਿ | ਪ੍ਰ | ਭੁS | ਮੇ | S | ਰਾ | S |

| | | | | | | | |
|---|---|---|---|---|---|---|---|
| ਮਾਤ੍ਰਾ | 1 | 2 | 3 | 4 | 5 | 6 | 7 |
| ਤਾਲੀ | 0 | | | 2 | | 3 | |
| ਠੇਕਾ | ਤੀਂ | S | ਤ੍ਰਕ | ਧੀਂ | S | ਧਾ | ਗੇ |
| ਦੂਸਰਾ ਠੇਕਾ | ਧੀਂ | ਧਾ | ਤ੍ਰਕ | ਧੀਂ | ਧੀਂ | ਧਾ | ਤ੍ਰਕ |
| ਤੀਜਾ ਠੇਕਾ | ਧੀ | S | ਤ੍ਰਕ | ਧੀ | S | ਧਾ | ਧਾ |

ਵਾਦੀ : ਧ ਠਾਠ—ਕਾਫੀ

ਸੰਵਾਦੀ : ਸ ਜਾਤ - ਉਡਵ ਸੰਪੂਰਣ ਸਮਾਂ :—ਦਿਨ ਤੀਜਾ ਪਹਿਰ

ਆਰੋਹ : ਸ ਗੁ ਮ ਪ ਨ ਸੰ।

ਅਵਰੋਹ : ਸੰ ਨੁ ਧ ਪ ਮ ਗੁ ਰੇ ਸ।

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥

ਧੰਨਿ ਤੇਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥ ੧

ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥

ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥ ੧ ॥ ਰਹਾਉ ॥

ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥

ਚਰਨ ਸਰਨ ਨਾਮਾ ਬਲਿ ਤਿਹਾਰੀ ॥ ੧ ॥

ਅਰਥ :— ਹੇ ਮਾਧੋ ! (ਵਿਕਾਰਾਂ ਵਿਚ) ਡਿੱਗੇ ਹੋਏ ਬੰਦਿਆਂ ਨੂੰ (ਮੁੜ) ਪਵਿੱਤਰ ਕਰਨਾ ਤੇਰਾ ਮੁੱਢ ਕਦੀਮਾਂ ਦਾ ਸੁਭਾਉ ਹੈ। (ਹੇ ਭਾਈ !) ਉਹ ਮੁਨੀ ਲੋਕ ਭਾਗਾਂ ਵਾਲੇ ਹਨ, ਜਿਨ੍ਹਾਂ ਪਿਆਰੇ ਹਰੀ ਪ੍ਰਭੂ ਨੂੰ ਸਿਮਰਿਆ ਹੈ । ੧ ।

(ਉਸ ਗੋਬਿੰਦ ਦੀ ਮਿਹਰ ਨਾਲ) ਮੇਰੇ ਮੱਥੇ ਉੱਤੇ (ਭੀ) ਉਸ ਦੇ ਚਰਨਾਂ ਦੀ ਧੂੜ ਲੱਗੀ ਹੈ (ਭਾਵ, ਮੈਨੂੰ ਭੀ ਗੋਬਿੰਦ ਦੇ ਚਰਨਾਂ ਦੀ ਧੂੜ ਮੱਥੇ ਉਤੇ ਲਾਉਣੀ ਨਸੀਬ ਹੋਈ ਹੈ); ਉਹ ਧੂੜ ਦੇਵਤੇ ਤੇ ਮੁਨੀ ਲੋਕਾਂ ਦੇ ਵੀ ਭਾਗਾਂ ਵਿਚ ਨਹੀਂ ਹੋ ਸਕੀ। ੧ । ਰਹਾਉ।

ਹੇ ਮਾਧੋ ! ਤੂੰ ਦੀਨਾਂ ਉਤੇ ਦਇਆ ਕਰਨ ਵਾਲਾ ਹੈ। ਤੂੰ (ਅਹੰਕਾਰੀਆਂ ਦਾ) ਅਹੰਕਾਰ ਦੂਰ ਕਰਨ ਵਾਲਾ ਹੈ। ਮੈਂ ਨਾਮਦੇਵ ਤੇਰੇ ਚਰਨਾਂ ਦੀ ਸ਼ਰਨ ਆਇਆ ਹਾਂ ਅਤੇ ਤੈਥੋਂ ਸਦਕੇ ਹਾਂ। ੨ । ੫

ਸ਼ਬਦ ਦਾ ਭਾਵ :—ਪ੍ਰਭੂ ਦੇ ਸਿਮਰਨ ਦੀ ਦਾਤ ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਜੋ ਸਿਮਰਦੇ ਹਨ ਉਹਨਾਂ ਦੇ ਸਭ ਪਾਪ ਦੂਰ ਹੋ ਜਾਂਦੇ ਹਨ।

# ਜ਼ਰੂਰੀ ਮਤੇ

ਮਿਤੀ, 17-4-91 ਨੂੰ ਚੰਡੀਗੜ੍ਹ ਵਿਖੇ ਹੋਏ 'ਗੁਰਮਤਿ ਸੰਗੀਤ' ਵਿਰਸਾ ਤੇ ਵਰਤਮਾਨ ਸੈਮੀਨਾਰ ਤੇ 'ਗੁਰਮਤਿ ਸੰਗੀਤ ਸੰਮੇਲਨ' ਵਿਚ ਹਾਜ਼ਰ ਸਮੂਹ ਸਿੱਖ ਸੰਗਤਾਂ, ਵਿਦਵਾਨਾਂ ਗੁਰਮਤਿ ਸੰਗੀਤ ਪ੍ਰੇਮੀਆਂ, ਕੀਰਤਨੀ ਸਿੰਘਾਂ ਤੇ ਵਿਦਿਆਰਥੀਆਂ ਨੇ ਸਰਬ ਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ।

ਮਤਾ ਨੰ: 1. "ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਸਿਫਾਰਸ਼ ਕੀਤੀ ਕਿ ਉਹ 10+1 ਤੇ ਗੁਰਮਤਿ ਸੰਗੀਤ ਦਾ ਵਿਸ਼ਾ ਲਾਗੂ ਕਰਨ ਤਾਂ ਕਿ ਸਮੂਹ ਪੰਜਾਬੀਆਂ ਦੇ ਇਸ ਮਹਾਨ ਵਿਰਸੇ ਦੀ ਸੁਰੱਖਿਆ ਤੇ ਸੰਭਾਲ ਹੋ ਸਕੇ।"

ਮਤਾ ਨੰ: 2. "ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਸ੍ਰ. ਐਚ.ਕੇ. ਮਨਮੋਹਨ ਸਿੰਘ, ਸ੍ਰ. ਸੁਰਿੰਦਰ ਸਿੰਘ ਖਹਿਰਾ ਤੇ ਡਾ. ਗੁਰਨਾਮ ਸਿੰਘ ਤੇ ਸ੍ਰ. ਗੁਰਪ੍ਰਤਾਪ ਸਿੰਘ ਗਿੱਲ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਸਬੰਧੀ ਅਰੰਭੇ ਗਏ ਜਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਤੇ ਇਹ ਵੀ ਸਿਫਰਾਸ਼ ਕੀਤੀ ਗਈ ਕਿ ਪੰਜਾਬੀ ਯੂਨੀਵਰਸਿਟੀ ਵਿਖੇ 'ਡਿਪਲੋਮਾ ਇਨ ਗੁਰਮਤਿ ਸੰਗੀਤ, ਐਮ. ਫਿਲ. ਗੁਰਮਤਿ ਸੰਗੀਤ ਦਾ ਵਿਸ਼ਾ ਤੁਰੰਤ ਲਾਗੂ ਕੀਤਾ ਜਾਵੇ। ਕਿਉਂਕਿ ਸਮੂੰਹ ਨੂੰ ਇਸ ਯੂਨੀਵਰਸਿਟੀ ਤੇ ਉਪਰੋਕਤ ਗੁਰੂ ਦੇ ਸੇਵਕਾਂ ਤੋਂ ਭਰਪੂਰ ਆਸਾਂ ਹਨ।

ਮਤਾ ਨੰ: 3. "ਪ੍ਰਧਾਨ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; ਸਕੱਤਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਿੰ. ਸਤਿਬੀਰ ਸਿੰਘ ਜੀ ਦੇ ਇਸ ਖੇਤਰ ਵਿਚ ਅਰੰਭੇ ਜਤਨਾਂ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਨਾਲ ਹੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠ ਲਿਖੀਆਂ ਸਿਫਾਰਸ਼ਾਂ ਕੀਤੀਆਂ ਗਈਆਂ।

(ੳ) ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਮਤਿ ਸੰਗੀਤ ਦੀ ਨਿਰਧਾਰਤ ਪਰੰਪਰਾ ਅਨੁਸਾਰ ਰਾਗ ਮਈ ਕੀਰਤਨ ਨੂੰ ਉਤਸ਼ਾਹਿਤ ਕਰੇ।

(ਅ) ਸਮੂਹ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਵਿਚ ਵਿਭਿੰਨ ਰਾਗਾਂ ਉੱਤੇ ਅਧਾਰਿਤ ਕੀਰਤਨ ਚੌਕੀਆਂ ਲਾਗੂ ਕੀਤੀਆਂ ਜਾਣ।

(ੲ) ਹਰਿਮੰਦਰ ਸਾਹਿਬ ਤੋਂ ਸ਼ਾਮ ਤੇ ਸਵੇਰੇ ਸਮੇਂ ਹੋਣ ਵਾਲੇ ਕੀਰਤਨ ਦੇ ਸੰਬੰਧ ਵਿੱਚ ਇਕ ਕਮੇਟੀ ਦੀ ਸਥਾਪਨਾ ਕੀਤੀ ਜਾਵੇ। ਜੋ (1) ਉਚ ਕੋਟੀ ਦੀ ਪਰੰਪਰਾ ਨਾਲ ਜੁੜੇ ਰਾਗੀ ਸਿੰਘਾਂ ਦੀ ਚੋਣ ਕਰੇ (2) ਰਾਗੀ ਸਿੰਘਾਂ ਦੁਆਰਾ ਕੀਤੇ ਜਾਣ ਵਾਲੇ ਸ਼ਬਦ ਤੇ ਰਾਗ ਪਹਿਲਾਂ ਹੀ ਕਮੇਟੀ ਜਾਂ ਇਕ ਦੋ ਮੈਂਬਰ ਸਰਵਣ ਕਰਨ। (3) ਹਰਿਮੰਦਰ ਸਾਹਿਬ ਹੋਣ ਵਾਲੀਆਂ ਕੀਰਤਨ ਚੌਕੀਆਂ ਤੇ ਰਾਗ ਮਈ ਕੀਰਤਨ ਪਰੰਪਰਾ ਨੂੰ ਬਰਕਰਾਰ ਰੱਖਿਆ ਜਾਵੇ (4) ਬਜ਼ੁਰਗ ਕੀਰਤਨੀ ਸਿੰਘਾਂ ਤੇ ਉੱਘੇ ਗੁਰਮਤਿ ਸੰਗੀਤਾਚਾਰੀਆਂ ਦੀ ਦੇਖ-ਰੇਖ ਵਿੱਚ ਇਕ 'ਕੀਰਤਨ ਵਿਚਾਰ

ਸਮਾਗਮ ਹੋਵੇ ਜਿਸ ਵਿਚ ਵਿਭਿੰਨ ਰਾਗਾਂ, ਕੀਰਤਨ ਚੌਕੀਆਂ, ਪੜਤਾਲਾਂ, ਪਉੜੀਆਂ ਲਾਉਣ ਦੀ ਪਰੰਪਰਾ ਤੇ ਵੱਖ ਵੱਖ ਸਮਿਆਂ ਤੇ ਕੀਰਤਨ ਕਰਨ ਦੀ ਵਿਧੀ ਸੰਬੰਧੀ ਵਿਚਾਰ ਹੋਵੇ ਤੇ ਰਾਗੀ ਸਿੰਘਾਂ ਨੂੰ ਸਿਖਲਾਈ ਤੇ ਦਿਸ਼ਾ ਪ੍ਰਦਾਨ ਕੀਤੀ ਜਾਵੇ।

(ਸ) ਨਿਰਧਾਰਤ ਕੀਰਤਨ ਚੌਕੀਆਂ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਰਾਗਾਂ ਦੀਆਂ ਕੈਸਟਾਂ ਤਿਆਰ ਕੀਤੀਆਂ ਜਾਣ।

(ਹ) ਸ੍ਰੀ ਗੁਰੂ ਗਰੰਥ ਸਾਹਿਬ ਦੇ ਰਾਗ ਉੱਤੇ ਆਧਾਰਤ ਇਕ ਰਾਗ ਕੋਸ਼ ਕਿਸੇ ਗੁਰਮਤਿ ਸੰਗੀਤ ਵਿਦਵਾਨ ਤੋਂ ਤਿਆਰ ਕਰਾਇਆ ਜਾਵੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਅਰੰਭੇ ਗਏ ਜਤਨਾਂ ਨੂੰ ਸ਼ਲਾਘਾ ਰੂਪ ਵਿਚ ਪ੍ਰਵਾਨ ਕਰਦਿਆਂ ਇਸ ਦੁਆਰਾ ਚਲਾਏ ਜਾਣ ਵਾਲੇ ਗੁਰਮਤਿ ਸੰਗੀਤ ਕੋਰਸ ਨੂੰ ਮਾਨਤਾ ਦਿੱਤੀ ਜਾਵੇ।

(ਖ) ਸਮੂੰਹ ਰਾਗੀ ਸਿੰਘਾ ਦੇ ਰਿਫਰੈਸ਼ਰ ਕੋਰਸ ਲਗਾਏ ਜਾਣ ਤਾਂ ਕਿ ਇਹ ਪਰੰਪਰਾ ਪੁਨਰ ਸੁਰਜੀਤ ਹੋ ਸਕੇ।

(ਗ) ਗੁਰਦੁਆਰਾ ਸਾਹਿਬਾਨਾਂ ਵਿਚ ਫਿਲਮੀ ਧੁਨਾਂ, ਗਜ਼ਲਾਂ ਦੀਆਂ ਧੁਨਾਂ ਆਦਿ ਤੇ ਰੋਕ ਲਗਾਈ ਜਾਵੇ ਤੇ ਰਾਗੀ ਸਿੰਘਾਂ ਨੂੰ ਇਸ ਦਾ ਵਰਜਣ ਕੀਤਾ ਜਾਵੇ।

ਮਤਾ ਨੰ: 4 ਉੱਘੇ ਬਜ਼ੁਰਗ ਕੀਰਤਨੀਏ ਭਾਈ ਉੱਤਮ ਸਿੰਘ ਜੀ ਤੇ ਉਘੇ ਸੰਗੀਤਕਾਰ ਪ੍ਰੋ: ਯਸ਼ਪਾਲ ਜੀ ਨੂੰ ਉਨ੍ਹਾਂ ਦੀਆਂ ਅਨਮੋਲ ਸੇਵਾਵਾਂ ਪ੍ਰਤੀ ਸਨਮਾਨ ਕੀਤਾ ਜਾਂਦਾ ਹੈ।

ਮਤਾ ਨੰ: 5 ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਜੀ ਨੂੰ ਭਾਸ਼ਾ ਵਿਭਾਗ ਵੱਲੋਂ 'ਸ਼੍ਰੋਮਣੀ ਰਾਗੀ' ਐਵਾਰਡ ਮਿਲਣ ਉੱਤੇ ਭਰਪੂਰ ਪ੍ਰਸੰਨਤਾ ਜ਼ਾਹਰ ਕੀਤੀ ਜਾਂਦੀ ਹੈ। ਭਾਈ ਸਾਹਿਬ ਨੂੰ ਸਮੂੰਹ ਸੰਗਤਾ ਵੱਲੋਂ ਵਧਾਈ ਦਿੱਤੀ ਜਾਂਦੀ ਹੈ।

ਮਤਾ ਨੰ: 6 ਭਾਸ਼ਾ ਵਿਭਾਗ ਪੰਜਾਬ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਉਹ 'ਸ਼੍ਰੋਮਣੀ ਰਾਗੀ' ਐਵਾਰਡ ਦੀ ਚੋਣ ਕਮੇਟੀ ਵਿਚ ਕਿਸੇ ਉੱਘੇ ਗੁਰਮਤਿ ਸੰਗੀਤ ਅਚਾਰੀਆਂ ਨੂੰ ਨਾਮਜਦ ਕਰੇ ਤੇ ਉਚ ਕੋਟੀ ਦੇ ਰਾਗੀਆਂ ਦੀ ਲਿਸਟ ਤਿਆਰ ਕਰ ਲਵੇ ਤਾਂ ਕਿ ਬਜ਼ੁਰਗ ਕੀਰਤਨੀਆਂ ਨੂੰ ਇਹ ਐਵਾਰਡ ਉਚਿਤ ਸਮੇਂ ਤੇ ਉਨ੍ਹਾਂ ਦੀ ਘਾਲਣਾ ਨੂੰ ਮੁਖ ਰੱਖ ਕੇ ਦਿੱਤਾ ਜਾ ਸਕੇ।

ਮਤਾ ਨੰ: 7 ਅੰਮ੍ਰਿਤ ਕੀਰਤਨ ਟਰੱਸਟ ਵੱਲੋਂ ਚਲਾਏ ਜਾ ਰਹੇ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦੀ ਭਰਪੂਰ ਸ਼ਲਾਘਾ ਕੀਤੀ ਗਈ ਤੇ ਸਮੂਹ ਸੰਗਤਾਂ ਤੇ ਅਦਾਰਿਆਂ ਨੂੰ ਗੁਰਮਤਿ ਸੰਗੀਤ ਦੇ ਇਸ ਮੈਗਜ਼ੀਨ ਨੂੰ ਉਤਸ਼ਾਹਿਤ ਕਰਨ ਲਈ ਬੇਨਤੀ ਕੀਤੀ ਗਈ।

ਮਤਾ ਨੰ: 8 ਸਮੂਹ ਸੰਗਤਾਂ ਵਲੋਂ ਸੈਮੀਨਾਰ ਤੇ ਸੰਮੇਲਨ ਵਿਚ ਉਪਸਥਿਤ ਹੇਠ ਲਿਖੇ ਵਿਦਵਾਨਾਂ ਤੇ ਸੰਗੀਤਕਾਰਾਂ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਗਿਆ।

1) ਡਾ. ਦਰਸ਼ਨ ਸਿੰਘ ਜੀ 2) ਡਾ. ਅਲਕਾਰ ਸਿੰਘ ਜੀ 3) ਭਾਈ ਉੱਤਮ ਸਿੰਘ ਜੀ
4) ਪ੍ਰੋ: ਯਸ਼ਪਾਲ ਜੀ 5) ਡਾ. ਦੇਵਿੰਦਰ ਸਿੰਘ ਜੀ ਵਿਦਿਆਰਥੀ

(ਬਾਕੀ ਦੇਖੋ ਸਫਾ 31)